# ਅੰਮ੍ਰਿਤ ਕੀਰਤਨ

ਅੰਕ 12 ਸਾਲ ਚੌਥਾ ਦਸੰਬਰ 1992




ਆਨਰੇਰੀ ਸੰਪਾਦਕ ਡਾ. ਜਾਗੀਰ ਸਿੰਘ

# 'ਪੋਖਿ ਤੁਖਾਰੁ ਨ ਵਿਆਪਈ'

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥
ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥
ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥
ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥
ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥
ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥
(ਬਾਰਹ ਮਾਹਾ ਮਾਂਝ ਮਹਲਾ ੫, ਪੰਨਾ ੧੩੫)

**ਅਰਥ :—**ਪੋਹ ਦੇ ਮਹੀਨੇ ਰਾਹੀਂ ਗੁਰੂ ਜੀ ਉਪਦੇਸ਼ ਕਰਦੇ ਹਨ ਕਿ ਜਿਸ ਜੀਵ ਰੂਪੀ ਇਸਤਰੀ ਦਾ ਚਿੱਤ ਪ੍ਰਭੂ ਦੇ ਚਰਨਾਂ ਵਿਚ, ਬਿਰਤੀ ਦੀਦਾਰ ਵਿੱਚ ਜੁੜ ਜਾਵੇ ਅਤੇ ਇਸ ਤਰ੍ਹਾਂ ਜਿਸ ਨੂੰ ਹਰੀ ਰੂਪ ਪਤੀ ਦਾ ਸਾਥ ਮਿਲ ਜਾਵੇ, ਉਸਨੂੰ ਕੋਰੇ ਦੀਆਂ ਠੰਡਾਂ ਨਹੀਂ ਪੋਂਹਦੀਆਂ। ਜਿਨ੍ਹਾਂ ਨੇ ਗੋਬਿੰਦ ਗੋਪਾਲ ਪ੍ਰਭੂ ਦਾ ਓਟ ਆਸਰਾ ਲਿਆ ਹੈ, ਸੱਜਣ ਸੁਆਮੀ ਦੀ ਸੇਵਾ ਦਾ ਲਾਹਾ ਖੱਟਿਆ ਹੈ ਉਹਨਾਂ ਦਾ 'ਮਾਇਆ' ਕੁਝ ਨਹੀਂ ਵਿਗਾੜ ਸਕਦੀ, ਕਿਉਂਕਿ ਉਹ ਤਾਂ ਸਾਧ ਸੰਗਤ ਵਿਚ ਜੁੜ ਕੇ ਅਕਾਲ ਪੁਰਖ ਦੀ ਸਿਫਤ ਸਲਾਹ ਦਾ ਗਾਇਨ ਕਰਨ ਵਿਚ ਰੁਝੇ ਰਹਿੰਦੇ ਹਨ। ਇਸ ਗੁਣ ਗਾਇਨ ਸਦਕਾ ਸੱਚੀ ਪ੍ਰੀਤੀ ਉਪਜਦੀ ਹੈ ਅਤੇ ਕਰਤੇ ਨਾਲ ਮਿਲਾਪ ਹੋ ਜਾਂਦਾ ਹੈ। ਪ੍ਰਭੂ ਆਪ ਬਖਸ਼ਿਸ਼ ਕਰਕੇ ਐਸਾ ਮਿਲਾਪ ਕਰਾਉਂਦਾ ਹੈ ਕਿ ਮੁੜ ਉਸ ਤੋਂ ਵਿਛੋੜਾ ਨਹੀਂ ਪੈਂਦਾ। ਉਹ ਸੱਜਣ ਜੋ ਏਡਾ ਡੂੰਘਾ ਤੇ ਅਪਹੁੰਚ ਹੈ, ਮੈਂ ਉਸ ਤੋਂ ਲੱਖ ਵਾਰ ਕੁਰਬਾਨ ਜਾਂਦਾ ਹਾਂ। ਉਹ ਪ੍ਰਭੂ ਪ੍ਰੀਤਮ ਏਨਾ ਦਿਆਲੂ ਹੈ ਕਿ ਦਰ ਪਿਆਂ ਦੀ ਉਸ ਨੂੰ ਇੱਜ਼ਤ ਰੱਖਣੀ ਪੈਂਦੀ ਹੈ।

ਉਸ ਜੀਵ ਲਈ ਇਹ ਮਹੀਨਾ ਸੁਹਾਵਣਾ ਤੇ ਸੁਖਾਂ ਭਰਿਆ ਹੈ, ਜਿਸ ਨੂੰ ਉਹ ਬੇ-ਪ੍ਰਵਾਹ ਪ੍ਰਭੂ ਬਖਸ਼ ਲੈਂਦਾ ਹੈ।

ਹਰੀ ਦੇ ਗੁਣ ਗਾਇਨ ਕਰਨ ਨਾਲ ਮਾਇਆ-ਜਾਲ ਖਤਮ ਹੁੰਦਾ ਹੈ ਅਤੇ ਪ੍ਰਭੂ ਨਾਲ ਮਿਲਾਪ ਹੁੰਦਾ ਹੈ। ਸਰਬ ਸੁਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

# ਅੰਮ੍ਰਿਤ ਕੀਰਤਨ

ਅੰਕ 12 ਸਾਲ ਚੌਥਾ ਦਸੰਬਰ 1992

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਕੋਮਲ
ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ
ਚਿੱਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422 ਸੈਕਟਰ 15-ਏ
ਚੰਡੀਗੜ੍ਹ-160015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 5 ਰੁਪਏ
ਦੇਸ਼ ਸਾਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਾਲਾਨਾ 500 ਰੁਪਏ
ਜੀਵਨ ਮੈਂਬਰ 5000 ਰੁਪਏ

ਵਿਸ਼ਾ ਪੰਨਾ

1. ਸਾਡੇ ਕੀਰਤਨੀਏ
ਬਲਬੀਰ ਸਿੰਘ ਕੰਵਲ (ਲੰਡਨ) 2
2. ਕੀਰਤਨ ਜਿਹੜਾ ਅਨੰਤ ਜ਼ਿੰਦਗੀ ਵੱਲ ਲੈ ਜਾਂਦਾ ਹੈ।
ਸੁਖਦੇਵ ਸਿੰਘ ਨਡਾਲੋ 5
3. ਗੁਰ ਸ਼ਬਦ ਗਾਇਕੀ ਵਿੱਚ ਰਬਾਬੀ-ਬ੍ਰਾਦਰੀ ਦਾ ਸਹਿਯੋਗ ਅਤੇ ਕਿਰਦਾਰ
ਟੀ.ਸੀ. ਨਾਗਪਾਲ 7
4. ਆਸਾ ਦੀ ਵਾਰ ਦਾ ਲੜੀ ਵਾਰ ਵਿਚਾਰ
ਪ੍ਰੇਮ ਸਿੰਘ ਪ੍ਰੇਮ 10
5. ਲੰਬੇ ਕੀਰਤਨ ਟੂਰ ਦਾ ਪਹਿਲਾ ਅਨੁਭਵ
ਜੇ. ਪੀ. ਨੰਦਾ 13
6. ਸੱਚ ਦੀ ਤਲਾਸ਼ ਵੱਲ ਇਕ ਹੋਰ ਕਦਮ
ਮੰਤਾ ਸਿੰਘ ਆਜਿਜ਼ 15
7. ਰਾਗ ਤਿਲੰਗ ਸ. ਹਰਭਜਨ ਸਿੰਘ 17
8. ਅਰਦਾਸ ਬਬਲੀ ਐਸ. ਸੋਹਣ ਸਿੰਘ 19
9. ਗੁਰੂ ਨਾਨਕ ਪ੍ਰਕਾਸ਼ ਉਤਸਵ 22
10. ਗੁਰੂ ਕੇ ਕੀਰਤਨੀਆਂ ਪ੍ਰਤੀ ਕੁਝ ਸਨਿਮਰ ਬੇਨਤੀਆਂ ਕਰਮਜੀਤ ਸਿੰਘ 23
11. ਗੁਰੂ ਗਰੰਥ ਸਾਹਿਬ ਦੇ ਸੰਦੇਸ਼ ਸਮ੍ਰਪਿਤ ਇਕ ਸੰਸਥਾ 25
12. ਕੈਸਟ ਸਮਿਖੀਆ ਹਰਚਰਨ ਸਿੰਘ ਕਲਕਤਾ 27
13. PSALM OF PEACE (Sukhmani Sahib) 29
14. ਰਾਗ ਬਸੰਤ ਕਰਨ ਬੀਰ ਕੌਰ 33

ਨੋਟ : ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

# ਸਾਡੇ ਕੀਰਤਨੀਏ

## ਭਾਈ ਹੀਰਾ ਸਿੰਘ ਜੀ

### (ਸਿੱਖੀ ਦੇ ਮਹਾਨ ਮਿਸ਼ਨਰੀ ਰਾਗੀ)

ਬਲਬੀਰ ਸਿੰਘ ਕੰਵਲ (ਲੰਡਨ)

ਜ਼ਿਲ੍ਹਾ ਸਰਗੋਧਾ ਵਿਚ ਪੱਛਮੀ ਪੰਜਾਬ ਦੇ ਝੰਗ-ਸ਼ਾਹਪੁਰ ਦੀ ਹੱਦ ਦੇ ਨੇੜੇ ਇਕ ਛੋਟਾ ਜਿਹਾ ਪਿੰਡ ਫ਼ਿਰੂਕਾ ਕਦੇ ਕਿਸੇ ਫਿਰੂਕਾ ਨਾਂ ਦੇ ਇਕ ਮੁਸਲਮਾਨ ਨੇ ਵਸਾਇਆ ਸੀ, ਜਿਸ ਕਰਕੇ ਉਸਦਾ ਇੰਝ ਨਾਮੀਕਰਨ ਕੀਤਾ ਗਿਆ ਸੀ। ਉਸ ਪਿੰਡ ਵਿਚ ਇਕ ਗੁਰਸਿੱਖ ਸੱਜਣ ਰਹਿੰਦਾ ਸੀ ਜਿਸਦਾ ਨਾਂ ਭਾਈ ਭਾਗ ਸਿੰਘ (1894-1947) ਸੀ। ਉਹ ਇਕ ਤਕੜਾ ਕੀਰਤਨਕਾਰ ਸੀ, ਤਾਊਸ ਦੀਆਂ ਤਰਬਾਂ ਛੇੜਦਾ ਤਾਂ ਦਿਲ ਹਿਲੂਣ ਦਿੰਦਾ। ਪਰ ਵਿਆਹ ਪਿੱਛੋਂ ਕੋਈ ਸੰਤਾਨ ਨਾ ਹੋਣ ਤੇ, ਭਾਗਾਂ ਵਾਲਾ ਇਹ ਭਾਗ ਸਿੰਘ ਆਪਣੇ ਭਾਗ ਵਿਚ ਇਸ ਪੱਖੋਂ ਕਦੇ ਕਦੇ ਇਕ ਤਰੋਟ ਜਿਹੀ ਮਹਿਸੂਸ ਕਰਦਾ। ਸ਼ਾਹਪੁਰ ਡੇਰੇ ਇਕ ਸੇਵਾ ਪੰਥੀ ਸੰਤ ਰਹਿੰਦੇ ਸਨ, ਜਿਨ੍ਹਾਂ ਦਾ ਨਾਂ ਭਾਈ ਰਾਮ ਕਿਸ਼ਨ (1892 1838) ਸੀ। ਇਹ ਉਨ੍ਹਾਂ ਦੀ ਅਸੀਸ-ਅਰਦਾਸ ਸਦਕਾ ਹੀ ਸੀ ਕਿ ਭਾਈ ਭਾਗ ਸਿੰਘ ਦੇ ਘਰ 1879 ਈ. ਵਿਚ ਇਕ ਬਾਲ ਨੇ ਜਨਮ ਲਿਆ ਜਿਸਦਾ ਨਾਮ 'ਹੀਰਾ ਸਿੰਘ' ਰੱਖਿਆ ਗਿਆ। ਜਨਮ ਉਪਰੰਤ ਆਪ ਨੇ ਪਿਤਾ ਪੁਰਖੀ ਤਾਲੀਮ ਤਾਂ ਲੈਣੀ ਹੀ ਸੀ, ਨਾਲ ਲਗਦਾ ਹਸਨੇ ਨਾਮੀ ਇਕ ਰਬਾਬੀ ਦੇ ਵੀ ਸ਼ਾਗਿਰਦ ਹੋ ਗਏ। ਉਸ ਪਿੱਛੋਂ ਆਪ ਨੇ ਅੰਮ੍ਰਿਤਸਰ ਆ ਕੇ, ਏਥੇ ਦੇ ਇਕ ਮਹੰਤ ਤਖਤ ਸਿੰਘ ਪਾਸੋਂ ਹਾਰਨਮੋਨੀਅਮ ਤੇ ਕੀਰਤਨ ਕਰਨਾ ਸਿੱਖਿਆ। ਇਨ੍ਹਾਂ ਦਾ ਕਿਉਂਕਿ ਭਾਈ ਵੀਰ ਸਿੰਘ ਜੀ ਨਾਲ ਪਰਿਵਾਰਕ ਪਿਆਰ ਸੀ ਇਸ ਲਈ ਆਪ ਦੇ ਪਿਤਾ 1897 ਵਿਚ ਜਦੋਂ ਆਪ ਵੀ ਅੰਮ੍ਰਿਤਸਰ ਆ ਗਏ, ਤਾਂ ਇਨ੍ਹਾਂ ਰਲ ਕੇ ਕੀਰਤਨੀ ਜੱਥਾ ਬਣਾ ਲਿਆ ਜਿਹੜਾ ਪਿੱਛੋਂ ਭਾਈ ਹੀਰਾ ਸਿੰਘ ਭਾਗ ਸਿੰਘ ਦਾ ਜੱਥਾ ਅਖਵਾਉਂਦਾ ਰਿਹਾ।

ਆਪ ਨੇ ਕੀਰਤਨ ਕਰਨਾ ਤਾਂ ਅਨੇਕ ਉਸਤਾਦਾਂ ਕੋਲੋਂ ਸਿਖਿਆ ਹੀ, ਸਿੱਖ ਇਤਿਹਾਸ ਦੇ ਅਧਿਐਨ ਤੋਂ ਛੁੱਟ, ਉਰਦੂ ਫਾਰਸੀ ਦਾ ਵੀ ਰੱਜਵਾਂ ਮੁਤਾਲਿਆ ਕੀਤਾ। ਸ਼ਾਸਤ੍ਰੀ ਸੰਗੀਤ ਦਾ ਭਰਵਾਂ ਅਧਿਐਨ ਸੀ। ਇਸ ਲਈ ਆਮ ਕਰਕੇ ਕਲਾਸੀਕਲ ਹੀ ਗਾਉਂਦੇ. ਪਰ ਕਦੇ ਕਦੇ ਆਪਣੀ ਗੱਲ ਸਮਝਾਉਣ ਲਈ ਸਿੱਧੀਆਂ ਧਾਰਨਾਂ ਤੇ ਵੀ ਆ ਜਾਂਦੇ ਅਤੇ ਕਦੇ ਕਦੇ ਜੋਟੀਆਂ ਵਿਚ ਵੀ ਕੀਰਤਨ ਕਰਦੇ-ਭਾਵ ਕਿ ਇਕ ਤੁਕ ਪਹਿਲਾਂ ਆਪ ਗਾਉਂਦੇ ਤੇ ਫਿਰ ਉਹੀ ਤੁਕ ਸਰੋਤਿਆਂ ਕੋਲੋਂ ਗਵਾਉਂਦੇ। ਹੁਣ ਤੱਕ ਦੇ

ਰਾਗੀ ਕੀਰਤਨ ਕਰਦਿਆਂ ਗੁਰਬਾਣੀ ਦੇ ਪਰਮਾਣ ਹੀ ਦਿੰਦੇ ਹਨ, ਪਰ ਦੱਸਿਆ ਜਾਂਦਾ ਹੈ ਕਿ ਭਾਈ ਸਾਹਿਬ ਪਹਿਲੇ ਹੀ ਕੀਰਤਨਕਾਰ ਸਨ, ਜਿਨ੍ਹਾਂ ਨੇ ਕੀਰਤਨ ਵਿਚ ਸਾਖੀ ਸੁਣਾਉਣ ਦਾ ਕੰਮ ਸ਼ੁਰੂ ਕੀਤਾ। ਸਾਡੇ ਪਿਤਾ ਜੀ ਜਿਨ੍ਹਾਂ ਨੇ ਉਨ੍ਹਾਂ ਨੂੰ ਐਬਟਾਬਾਦ ਉਨ੍ਹਾਂ ਦੀ ਆਖਰੀ ਉਮਰੇ ਸੁਣਿਆ, ਦੱਸਦੇ ਹੁੰਦੇ ਸਨ ਕਿ ਵਿਆਖਿਆ ਕਰਨ ਵਿਚ ਉਨ੍ਹਾਂ ਦਾ ਕੋਈ ਸਾਨੀ ਨਹੀਂ ਸੀ। ਉਹਨਾਂ ਦਾ ਆਪਣਾ ਨਿੱਜੀ ਜੀਵਨ ਐਨਾ ਉੱਚਾ ਸੁੱਚਾ ਸੀ ਅਤੇ ਉਨ੍ਹਾਂ ਦੀ ਜ਼ੁਬਾਨ ਵਿਚ ਐਨਾ ਰਸ ਅਤੇ ਜਾਦੂ ਸੀ ਕਿ ਉਹ ਪੱਥਰ ਤੋਂ ਪੱਥਰ ਦਿਲਾਂ ਨੂੰ ਵੀ ਮੋਮ ਬਣਾ ਦੇਣ ਦੀ ਸਮਰੱਥਾ ਰੱਖਦੇ ਸਨ। ਖਿਆਲ ਕੀਤਾ ਜਾਂਦਾ ਹੈ ਕਿ ਇਸ ਸਦੀ ਵਿਚ ਖਬਰੇ ਓਡਾ ਵੱਡਾ ਕੋਈ ਹੋਰ ਵਿਆਖਿਆਕਾਰ ਅੱਜੇ ਤੱਕ ਪੈਦਾ ਨਹੀਂ ਹੋਇਆ।

ਸਿੱਖ ਪੰਥ ਨੂੰ ਜੋ ਦੇਣ ਉਨ੍ਹਾਂ ਦੀ ਹੈ ਉਹ ਉਨ੍ਹਾਂ ਦਾ ਹੀ ਹਿੱਸਾ ਹੈ। ਖਾਲਸਾ ਹਾਈ ਸਕੂਲ ਫਿਰੂਕਾ, ਜਿਸ ਉੱਤੇ ਉਨ੍ਹਾਂ ਭਲੇ ਸਮਿਆਂ 'ਚ ਕਈ ਹਜ਼ਾਰ ਰੁਪਿਆ ਖਰਚ ਆਇਆ ਸੀ, ਉਹ ਨਿਰੋਲ ਆਪ ਦੀ ਦਿਨ ਰਾਤ ਦੀ ਮਿਹਨਤ ਦਾ ਹੀ ਨਤੀਜਾ ਸੀ। ਆਪ ਉੱਕਾ ਲਾਲਚ ਨਹੀਂ ਸਨ ਕਰਦੇ, ਸਗੋਂ ਕੀਰਤਨ ਭੇਟਾ ਦਾ ਬਹੁਤਾ ਹਿੱਸਾ ਸਕੂਲਾਂ, ਕਾਲਜਾਂ, ਯਤੀਮਖਾਨਿਆਂ ਜਾਂ ਹੋਰ ਅਨੇਕ ਕਾਰਜਾਂ ਤੇ ਖਰਚ ਕਰ ਦਿੰਦੇ ਸਨ, ਇਸ ਲਈ ਹਰ ਪਾਸੇ ਉਨ੍ਹਾਂ ਦਾ ਬਹੁਤ ਸਤਿਕਾਰ ਸੀ। ਸਿੱਖੀ ਦੇ ਉਹ ਸਹੀ ਅਰਥਾਂ ਵਿਚ ਮਿਸ਼ਨਰੀ ਸਨ। ਉਨ੍ਹਾਂ ਦੇ ਵਿਆਕਤੀਗਤ ਗੁਣਾਂ ਕਰਕੇ ਮੁਸਲਮਾਨਾਂ ਵਿਚ ਵੀ ਉਨ੍ਹਾਂ ਦਾ ਬੜਾ ਆਦਰ ਸਤਿਕਾਰ ਸੀ ਉਨ੍ਹਾਂ ਦੀ ਕਹਿਣੀ ਕਥਨੀ ਤੋਂ ਇਕ ਫਕੀਰ ਮੁਸਲਮਾਨ ਹਾਜੀ ਮਹੁੰਮਦ ਐਨਾ ਪ੍ਰਭਾਵਿਤ ਸੀ ਕਿ ਉਸਨੇ 9 ਮਣ 14 ਸੇਰ ਚੰਦਨ ਦੀ ਲੱਕੜੀ ਵਿਚੋਂ ਇਕ ਇਕ ਤਾਰ ਖਿਚ ਕੇ ਇਕ ਲੱਖ ਪੰਤਾਲੀ ਹਜ਼ਾਰ ਤਾਰਾਂ ਤੋਂ ਬੜੀ ਰੀਝ ਨਾਲ ਜਿਹੜਾ ਚੌਰ ਤਿਆਰ ਕੀਤਾ ਸੀ, ਇਹਨਾਂ ਦੇ ਕਰ ਕਮਲਾਂ ਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਭੇਟ ਕਰਵਾ, ਆਪਣੇ ਧੰਨ ਭਾਗ ਸਮਝੇ। ਅਦਭੁਤ ਚੰਦਨ ਦਾ ਇਹ ਚੌਰ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਵਿਚ ਸਾਂਭਿਆ ਹੁੰਦਾ ਸੀ, ਪਰ ਸਾਕਾ ਨੀਲਾ ਤਾਰਾ ਪਿੱਛੋਂ ਕੌਣ ਜਾਣੇ .. ...... ।

ਓੜਕ ਕੀਰਤਨ ਦਾ ਇਹ ਅਮੋਲਕ ਹੀਰਾ 2 ਸਤੰਬਰ 1926 ਨੂੰ ਸ਼ਾਮ ਦੇ ਐਨ ਤਿੰਨ ਵਜੇ ਡੇਹਰਾਦੂਨ ਵਿਖੇ ਡਾ: ਬਲਬੀਰ ਸਿੰਘ, ਸੁੱਧ ਸਿੰਘ ਰਾਗੀ ਅਤੇ ਆਪਣੀ ਸੁਪਤਨੀ ਸ੍ਰੀਮਤੀ ਪ੍ਰੇਮ ਕੌਰ ਜੀ ਦੇ ਹੱਥਾਂ ਵਿਚ ਦੇਹ ਤਿਆਗ ਗਿਆ !

ਉਨ੍ਹਾਂ ਦੇ ਇਸ ਬੇਵਕਤ ਚਲਾਣੇ ਨਾਲ ਸਿੱਖ ਪੰਥ ਨੂੰ ਤਾਂ ਇਕ ਨਾ ਪੂਰਾ ਹੋਣ ਵਾਲਾ ਘਾਟਾ ਪੈਣਾ ਹੀ ਸੀ, ਉਨ੍ਹਾਂ ਦਾ ਪਿਤਾ ਭਾਈ ਭਾਗ ਸਿੰਘ, ਜਿਨ੍ਹਾਂ ਨੇ ਇਹ ਬੱਚਾ ਬੜੀਆਂ ਮੰਨਤਾਂ ਮੰਨ ਮੰਨ ਕੇ ਬੜੀਆਂ ਮੁਸ਼ਕਲਾਂ ਨਾਲ ਲਿਆ ਸੀ। ਅੱਜ

ਫਿਰ ਆਪਣੇ ਆਪ ਨੂੰ ਉਹ ਦੁਬਾਰਾ ਅਭਾਗਾ ਜਿਹਾ ਸਮਝਣ ਲੱਗ ਪਿਆ ਪਰ ਕਾਦਰ ਨੂੰ ਕੁਝ ਇਸ ਤਰਾਂ ਹੀ ਮਨਜ਼ੂਰ ਸੀ ਕਿਉਂਕਿ ਕੁਦਰਤ ਦੀ ਕਾਨੀ ਨੇ ਕੁਝ ਇਸ ਤਰਾਂ ਹੀ ਲਿਖਿਆ ਹੋਇਆ ਸੀ ਕਿ ਇਹ ਅਭਾਗਾ ਬਾਪ ਆਪ ਖੁਦ ਉਸ ਪਿਛੋਂ ਪੂਰੇ ਇੱਕੀ ਸਾਲ ਬਾਅਦ ਚੜ੍ਹਾਈ ਕਰੇ। ਭਾਈ ਹੀਰਾ ਸਿੰਘ ਜੀ ਦੀ ਯਾਦ ਵਿਚ ਪ੍ਰੋ: ਪੂਰਨ ਸਿੰਘ ਜੀ ਨੇ ਕੁਝ ਕਵਿਤਾਵਾਂ ਲਿਖੀਆਂ ਸਨ, ਜਿਨ੍ਹਾਂ ਵਿਚੋਂ ਕੁਝ ਤੁਕਾਂ ਦਿੱਤੀਆਂ ਜਾ ਰਹੀਆਂ ਹਨ :

ਕੋਇਲ ਵਾਂਗੂ ਕੂਕਿਆ ਤੂੰ !
ਪਰ ਚੀਰਦੀ ਸੀ ਦਿਲਾਂ ਨੂੰ, ਜੀਆਂ ਨੂੰ ਸੀ ਟੋਲਦੀ,
ਗਾਉਂਦੀ ਸੀ ਕੇਵਲ ਨਾਂਵ ਸਾਈਂ ਦਾ ਜੀਭ ਤੇਰੀ,
ਨੈਣ ਬੱਦਲ ਵਸਦੇ ਸਨ, ਦਿਲ ਟਿੱਬੇ ਭਰਦੇ,
ਇਕ ਰਾਗ ਛਿੜਦਾ ਦਿੱਸਦਾ ਸੀ, ਮਨੁੱਖ ਮਾਤ੍ਰ ਮਾਸ ਵਿਚ।
ਤੂੰ ਭਰਾਵਾ ਦੱਸਿਆ: ਗੁਰੂ ਦਰਬਾਰ ਵਿਚ,
ਭਾਈ ਹੀਰਾ ਸਿੰਘ ਆਇਆ, ਢਾਢੀ ਗੁਰੂ ਦਾ, ਗੁਰੂ ਫਰਮਾਇਆ :
ਮਾਤ ਲੋਕ ਦੇ ਵਿਚ ਗੁਰੂ ਬਾਣੀ ਗਾਉਂਦਾ, ਬਰਖਾ ਕਰੋ ਅੱਜ ਸੰਸਾਰ ਤੋਂ !

ਮੇਜਰ ਬਲਵੰਤ ਸਿੰਘ ਅਤੇ ਮੇਜਰ ਆਗਿਆਪਾਲ ਸਿੰਘ ਆਪ ਜੀ ਦੇ ਹੀ ਸਪੁੱਤਰ ਹਨ, ਜਿਹੜੇ ਆਪਣੇ ਮਹਾਨ ਪਿਤਾ ਜੀ ਦੇ ਪੂਰਨਿਆਂ ਤੇ ਚਲਦੇ ਹੋਏ, ਉਨ੍ਹਾਂ ਦੇ ਨਾਂ ਦਾ ਇਕ ਟ੍ਰਸਟ ਬਣਾ ਕੇ ਸਿੱਖੀ ਦੀ ਮਹਾਨ ਸੇਵਾ ਕਰ ਰਹੇ ਹਨ। ਲੋੜਵੰਦਾਂ ਦੀ ਮਾਇਕ ਮਦਦ ਕਰਨੀ ਅਤੇ ਹੋਣਹਾਰ ਸਿੱਖ ਬੱਚਿਆਂ ਦੀ ਉਚੇਰੀ ਪੜ੍ਹਾਈ ਲਈ ਯਤਨ ਕਰਨੇ, ਉਨ੍ਹਾਂ ਦੇ ਮਿਥੇ ਹੋਏ ਮਿਸ਼ਨ ਦੇ ਨਾਂ ਮਾਤਰ ਕੁਝ ਕੁ ਉਦੇਸ਼ ਹਨ।

—0—0—0—

# "ਕੀਰਤਨ ਜਿਹੜਾ ਅਨੰਤ ਜ਼ਿੰਦਗੀ ਵੱਲ ਲੈ ਜਾਂਦਾ ਹੈ"

ਸੁਖਦੇਵ ਸਿੰਘ ਨਡਾਲੋਂ*

ਕੀਰਤਨ :—

ਕੀਰਤਨ ਸਿੱਖ ਧਰਮ ਦਾ ਕੇਂਦਰੀ ਧੁਰਾ ਹੈ। ਜਿਸ ਦੁਆਲੇ ਸਾਰਾ ਧਰਮ ਘੁੰਮਦਾ ਹੈ। ਕੀਰਤਨ ਤੋਂ ਬਿਨਾਂ ਸਿੱਖ ਧਰਮ ਅਧੂਰਾ ਹੈ। ਕੀਰਤਨ ਸ਼ਬਦ ਦਾ ਅੱਖਰੀ ਅਰਥ, ਵਡਿਆਈ, ਜ਼ੱਸ ਤੇ ਪ੍ਰਮਾਤਮਾ ਦੀ ਉਪਮਾ ਨਿਮਰਤਾ ਤੇ ਪਿਆਰ ਸਹਿਤ ਗਾਇਨ ਕਰਨਾ ਹੈ।" ਗੁਰਮਤਿ ਵਿਚ ਸੁਰ, ਤਾਲ, ਲੈਅ ਗੁਰਬਾਣੀ ਦਾ ਸਮੇਂ ਸਮੇਂ ਦੇ ਰਾਗਾਂ ਵਿੱਚ ਗਾਇਨ ਕਰਨਾ ਕੀਰਤਨ ਹੈ। 1

ਗੁਰਬਾਣੀ ਕੀਰਤਨ ਦੀ ਆਪਣੀ ਮੌਲਿਕਤਾ ਹੈ ਇਸ ਕਰਕੇ ਇਸ ਨੂੰ 'ਗੁਰਮਤਿ ਸੰਗੀਤ' ਦੇ ਨਾਂ ਨਾਲ ਵੀ ਪੁਕਾਰਿਆ ਜਾਂਦਾ ਹੈ। ਕੀਰਤਨ ਦੇ ਤਿੰਨ ਮੁੱਖ ਅੰਗ ਹਨ ਜਾਂ ਇਹ ਤਿਨਾਂ ਦਾ ਸਮਨਵੈ ਹੈ। 2

(1) ਰਾਗ ਜਾਂ ਸੰਗੀਤ (2) ਕੀਰਤੀ ਜਾਂ ਜੱਸ (3) ਪ੍ਰੇਮ

ਰਾਗ ਜਾਂ ਸੰਗੀਤ :—

ਸੰਗੀਤ ਗਾਇਨ ਵਾਦਨ ਤੇ ਨ੍ਰਿਤ ਤਿੰਨ ਕਲਾਵਾਂ ਦੇ ਮੇਲ ਨੂੰ ਕਿਹਾ ਜਾਂਦਾ ਹੈ। 2 ਬੇਸ਼ੱਕ ਇਹ ਤਿੰਨ ਕਲਾਵਾਂ ਸੁਤੰਤਰ ਹਨ ਪਰ ਫਿਰ ਵੀ ਇਕ ਦੂਜੇ ਦੇ ਅਧੀਨ ਹਨ। ਗਾਇਨ ਵਾਦਨ ਦੇ ਅਤੇ ਵਾਦਨ ਨ੍ਰਿਤ ਦੇ ਅਧੀਨ ਹੈ। ਗੁਰਮਤਿ ਵਿੱਚ ਗਾਇਨ ਅਤੇ ਵਾਦਨ ਨੂੰ ਮਾਨਤਾ ਹੈ ਪਰ ਨ੍ਰਿਤ ਨੂੰ ਨਹੀਂ। ਨ੍ਰਿਤ ਨੂੰ ਜੇਕਰ ਮਾਨਤਾ ਦਿੱਤੀ ਵੀ ਹੈ ਤਾਂ ਅੰਦਰੂਨੀ ਨ੍ਰਿਤ ਨੂੰ। ਜਿਸ ਦੀ ਤਸਵੀਰ ਇਸ ਪ੍ਰਕਾਰ ਹੈ—

ਵਾਜਾ ਮਤਿ ਪਖਾਵਜੁ ਭਾਉ, ਹੋਇ ਅਨੰਦ ਸਦਾ ਮਨਿ ਚਾਉ ॥
ਪੂਰੇ ਤਾਲ ਜਾਣੈ ਸਾਲਾਹ। ਹੋਰੁ ਨਚਣਾ ਖੁਸੀਆ ਮਨ ਮਾਹ ॥ ੧ ॥ ਰਹਾਉ ॥
ਸਤੁ ਸੰਤੋਖ ਵਜਹਿ ਦੁਇ ਤਾਲ। ਪੈਰੀ ਵਾਜਾ ਸਦਾ ਨਿਹਾਲ ॥
ਰਾਗੁ ਨਾਦੁ ਨਹੀਂ ਦੂਜਾ ਭਾਉ। ਇਤੁ ਰੰਗਿ ਨਾਚਹੁ ਰਖਿ ਰਖਿ ਪਾਉਂ ॥ 2 ॥
ਭਉ ਫੇਰੀ ਹੋਵੈ ਮਨ ਚੀਤਿ। ਬਹਦਿਆ ਉਠਦਿਆ ਨੀਤਾ ਨੀਤਿ॥
ਲੇਟਣਿ ਲੇਟਿ ਜਾਣੈ ਤਨ ਸਆਹੁ। ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥ 3 ॥
ਆਸਾ ਮਹਲਾ ੧ ਪੰਨਾ 350

ਅਰਥਾਤ— " ਮਨ ਨੂੰ ਵਾਜਾ ਬਣਾਇਆ ਜਾਵੇ ਪ੍ਰੇਮ ਨੂੰ ਜੋੜੀ, ਪ੍ਰਮਾਤਮਾ ਦੀ ਸਿਫ਼ਤ ਸਲਾਹ ਕਰਨ ਨੂੰ ਤਾਲ ਜਾਣੇ। ਇਹ ਅਸਲ ਨਾਚ ਹੈ। ਜਿਸ ਨਾਲ ਮਨ ਦੀ ਖੁਸ਼ੀ ਹੁੰਦੀ ਹੈ। ਸਾਜ਼ਾਂ ਵਿਚੋਂ ਸੱਤ ਅਤੇ ਸੰਤੋਖ ਨੂੰ ਦੋ ਛੈਣੇ ਬਣਾਵੇ, ਪ੍ਰਭੂ ਦੀ ਰਜ਼ਾ ਵਿੱਚ ਸਦਾ ਪ੍ਰਸੰਨ-ਚਿਤ ਰਹਿਣ ਨੂੰ ਪੈਰਾਂ ਦੇ ਘੁੰਗਰੂ ਸਮਝੇ। ਇਕ ਪ੍ਰਮਾਤਮਾ ਨੂੰ ਛੱਡਕੇ

ਦੂਜੇ ਦਾ ਖਿਆਲ ਨਾ ਹੋਣਾ ਇਹ ਰਾਗ ਅਤੇ ਨਾਦ ਜਾਣੇ। ਮਨ ਅੰਦਰ ਅਕਾਲ ਪੁਰਖ ਦਾ ਡਰ ਰੱਖਣ, ਨਾਚ ਦੀ ਅਸਲ ਫੇਰੀ ਹੈ। ਤਨ ਨੂੰ ਤੁੱਛ ਸਮਝਕੇ, ਇਸ ਤੇ ਮਾਨਾ ਕਰਨਾ ਨਾਚ ਵਿੱਚ ਲੇਟਣ ਸਮਝੇ। 4

ਇਹ ਇਕ ਮਾਨਸਿਕ ਨਾਚ ਦੀ ਤਸਵੀਰ ਹੈ ਅਤੇ ਇਸ ਵਿੱਚ ਨ੍ਰਿਤ ਕਰਨ ਵਾਲੇ ਦੇ ਲੱਛਣ ਚਿਨਾਤਮਕ ਭਾਸ਼ਾ ਵਿੱਚ ਜ਼ਾਹਰ ਕੀਤੇ ਹਨ। ਇਸ ਤਰ੍ਹਾਂ ਗੁਰਮਤਿ ਵਿੱਚ ਸਰੀਰਕ ਨਾਚ ਨਹੀਂ ਸਗੋਂ ਮਾਨਸਿਕ ਨਾਚ ਨੱਚਣ ਦਾ ਉਪਦੇਸ਼ ਦਿੱਤਾਂ ਹੈ—

ਨਾਚਨੁ ਸੋਇ ਜੁ ਮਨ ਸਿਉ ਨਾਚੈ ॥ ਗੋਂਡ ਕਬੀਰ ਜੀ—372

ਕੀਰਤਨ ਨੂੰ ਤਿੰਨ ਚੀਜ਼ਾਂ ਦਾ ਮੇਲ ਵੀ ਕਿਹਾ ਜਾ ਸਕਦਾ ਹੈ ਉਹ ਹਨ ਫਲਸਫਾ ਕਾਵਿ ਕਲਾ ਅਤੇ ਸੰਗੀਤ। ਫਲਸਫ਼ੇ ਨੂੰ ਸੰਗੀਤ ਵਿਚ ਬਨੰਣਾ ਬੜਾ ਕਠਨ ਕਾਰਜ ਹੈ ਜੋ ਗੁਰੂ ਸਾਹਿਬਾਨਾ ਨੇ ਕੀਤਾ।

## ★ ਸੰਗੀਤ ਦੀ ਮਹਿਮਾ ਵਿੱਚ ਵਿਦਵਾਨਾਂ ਦੇ ਵਿਚਾਰ—

★ ਸੰਗੀਤ ਐਸੀ ਖਿੱਚ ਭਰੀ ਅਲੌਕਿਕ ਕਲਾ ਹੈ ਜੋ ਰੂਹਾਂ ਵਿੱਚ ਸਰਬ ਸਾਂਝ ਪੈਦਾ ਕਰਦੀ ਹੈ। ਮਨਾਂ ਨੂੰ ਆਸਮਾਨੀ ਖੰਭ ਲਾ ਕੇ ਭਾਵਾਂ ਨੂੰ ਉਡਾਰੀ ਦੀ ਦਾਤ ਦਿੰਦੀ ਹੈ। ਉਦਾਸ ਹਿਰਦਿਆਂ ਨੂੰ ਪ੍ਰਸੰਨਤਾ ਅਤੇ ਹਰ ਸ਼ੈ ਵਿੱਚ ਜ਼ਿੰਦਗੀ ਦੀਆਂ ਸੁਰਾਂ ਛੇੜਦੀ ਹੈ। (ਪਲੈਟੋ)

★ ਸੰਗੀਤ ਟੁੱਟੇ ਦਿੱਲਾਂ ਦੀ ਔਸ਼ਧੀ ਹੈ। (ਏ. ਹੰਟ)

★ ਸੰਗੀਤ ਰੋਜਾਨਾ ਜੀਵਨ ਦੀ ਦੌੜ ਭਜ ਦੁਆਰਾ ਆਤਮਾ ਤੇ ਪਏ ਮਿੱਟੀ ਘੱਟੇ ਨੂੰ ਧੋ ਕੇ ਸਾਫ ਕਰ ਦਿੰਦੀ। (ਆਰਬਾਕ)

★ ਸੰਗੀਤ ਆਤਮਾ ਨੂੰ ਜਗਾਉਂਦਾ, ਇਸ ਨੂੰ ਚੁੱਕ ਕੇ ਅਰਸਾਂ ਤੇ ਪਹੁੰਚਾਉਂਦਾ ਇਸ ਦੇ ਅੰਦਰ ਰੀਝਾਂ ਦੇ ਖੰਭ ਉਗਾਂਉਦਾ ਤੇ ਇਸ ਤਰ੍ਹਾਂ ਇਸਨੇ ਈਸ਼ਵਰੀ ਜੋਤ ਨਾਲ ਵਾਰਤਾਲਾਪ ਕਰਨ ਯੋਗ ਬਣਾ ਦੇਂਦਾ ਹੈ। (ਐਡੀਸ਼ਨ)

★ ਸੰਗੀਤ ਵਿੱਚ ਵਹਿਸ਼ੀ ਮਨਾਂ ਨੂੰ ਸ਼ਾਂਤ ਤੇ ਪੱਥਰਾਂ ਨੂੰ ਨਰਮ ਕਰਨ ਅਤੇ ਓਕ ਵਰਗੇ ਅਝੁੱਕ ਦਰੱਖਤ ਝੁਕਾ ਦੇਣ ਦੀ ਸਕਤੀ ਹੈ। (ਕੰਗਰੀਵ)

★ ਸੰਗੀਤ ਉਤੇਜਿਤ ਮਨੋ-ਭਾਵਾਂ ਨੂੰ ਸ਼ਾਤ ਕਰਨ ਦਾ ਸਾਧਨ ਹੈ। (ਨੈਪੋਲੀਅਨ)

ਹਵਾਲੇ


| | | | |
|---|---|---|---|
| 1. | ਭਾਈ ਕਾਨ੍ਹ ਸਿੰਘ | ਗੁਰਮਤਿ ਮਾਰਤੰਡ | ਪੰਨਾ 299 |
| 2. | ਡਾ. ਦਲੀਪ ਸਿੰਘ 'ਦੀਪ' | ਗੁਰਬਾਣੀ ਚਿੰਤਨ | ਪੰਨਾ 173 |
| 3. | ਸੰਗੀਤ ਰਤਨਾਕਰ | ਸੰਗੀਤ ਕੌਮਦੀ ਚੋਂ ਹਵਾਲਾ | ਪੰਨਾ 35 |
| 4. | ਡਾ. ਦੀਪ | ਗੁਰਬਾਣੀ ਚਿੰਤਨ | ਪੰਨਾ 187 |


ਚਲਦਾ .....

# ਗੁਰ ਸ਼ਬਦ ਗਾਇਕੀ ਵਿਚ ਰਬਾਬੀ-ਬ੍ਰਾਦਰੀ ਦਾ ਸਹਿਯੋਗ ਅਤੇ ਕਿਰਦਾਰ

ਟੀ. ਸੀ. ਨਾਗਪਾਲ

(ਪਿਛਲੇ ਅੰਕ ਨੰ: 11, ਨਵੰਬਰ 1992 ਤੋਂ ਅੱਗੇ)

ਕੁੱਝ ਸਾਲ ਹੀ ਹੋਏ ਜੋ ਕਿ ਹੁਣ ਅੱਲਾ ਨੂੰ ਪਿਆਰੇ ਹੋ ਚੁੱਕੇ ਹਨ। ਲਾਹੌਰ ਦੇ ਇਕ ਪੁਰਾਣੇ ਮੰਚ ਕਲਾਕਾਰ ਬਜ਼ੁਰਗ ਰਬਾਬੀ ਭਾਈ ਜਮਾਲ ਭੀ ਹੋਏ ਹਨ। ਕੁੱਝ ਪੁਰਾਤਨ ਰਬਾਬੀ ਸੱਜਣ ਇਸ ਸਮੇਂ ਕੁਝ ਸਾਲਾਂ ਤੋਂ ਸਿੰਘ ਭੀ ਸਜ ਚੁੱਕੇ ਹਨ। ਜਿਨ੍ਹਾਂ ਨੂੰ ਕਿ ਅਕਸਰ ਸੰਗਤ ਜਾਣਦੀ ਹੀ ਹੈ। ਇਨ੍ਹਾਂ ਦੀ ਭਰਵੀ ਸਵਾਦਲੀ ਗਾਇਕੀ ਤੋਂ ਅਜ ਭੀ ਰਬਾਬੀਆਂ ਜਿਹਾ ਜੋਸ਼ ਜਜ਼ਬਾ ਪ੍ਰਗਟ ਹੋਣ ਲਗਦਾ ਹੈ। ਭਾਈ ਸੁੰਦਰ ਰਬਾਬੀ ਭਾਈ ਚਾਨਣ ਰਬਾਬੀ ਆਦਿਕ, ਇਹ ਭੀ ਆਪਣਾ ਸਮਾਂ ਚੰਗਾ ਨਿਭਾ ਗਏ ਹਨ।

ਇਸ ਸਮੇਂ ਦੇ ਕੁਝ ਨਾਮੀ ਤਬਲਾ-ਨਿਵਾਜ਼ ਸੱਜਣ ਇਸ ਪ੍ਰਕਾਰ ਹੋਏ ਹਨ :- ਭਾਈ ਸੰਡੂ ਅਤੇ ਭਾਈ ਨਸੀਰਾ ਦੋਨੋਂ ਮੁੱਖ ਪਖਾਵਜੀ ਹੋਏ ਹਨ। ਭਾਈ ਸਾਹਿਬ ਭਾਈ ਚਾਂਦ ਜੀ ਸ਼ਬਦ ਕੀਰਤਨ ਤੋਂ ਇਲਾਵਾ ਤਬਲੇ ਦੇ ਵੀ ਚੰਗੇ ਹੁਨਰਮੰਦ Artist ਸਨ। ਇਨ੍ਹਾਂ ਦੇ ਸਾਥੀ ਤੋਂ ਕਦੇ ਤਬਲਾ ਜਲਦੀ ਸੈਟ ਨਾ ਹੁੰਦਾ ਤਾਂ ਆਪ ਜੀ ਖੁਦ ਤਬਲਾ ਖਿਚ ਕੇ ਉਸ ਨੂੰ ਜ਼ਲਦੀ ਦਰੁਸਤ ਯਾ ਸੈਟ ਕਰ ਦਿੰਦੇ। ਭਾਈ ਬਖਸ਼ੀ, ਭਾਈ ਮੁਰਾਦ, ਭਾਈ ਸਾਂਈ, ਭਾਈ ਚਾਂਦ ਜੀ ਦਾ ਭਰਾ ਭਾਂਈ ਸੋਮਾ ਵ ਭਾਈ ਲਭੂ ਤਬਲਾ-ਨਿਵਾਜ਼ ਲਾਹੌਰੀ-ਇਨਾਂ ਦੇ ਪੋਟੇ ਵਿਚ ਬੇ-ਹੱਦ ਸਵਾਦ ਸੀ। ਭਾਈ ਚਾਂਦ ਜੀ ਇਨ੍ਹਾਂ ਵੱਲ ਬੜੀ ਪਿਆਰ ਦੀ ਨਜ਼ਰ ਨਾਲ ਤੱਕਦੇ ਸਨ। ਇਹ ਭਾਈ ਲਭੂ ਖੱਬੀ ਪਗੜੀ ਬੰਨ੍ਹਿਆਂ ਕਰਦੇ ਸਨ ਅਤੇ ਜਲਦੀ ਹੀ ਜਵਾਂਨੀ ਵਿਚ ਆਕਾਲ ਚਲਾਣਾ ਕਰ ਗਏ ਸਨ। ਹਾਂ ! ਵਾਜ਼ਿਹੇ ਰਹੇ ਕਿ ਉਪਰ ਲਿਖੇ ਤਮਾਮ ਰਬਾਬੀ ਸੱਜਣਾ ਦੀ ਦਾਸ ਕੋਈ ਇਥੇ All round life ਦੀ ਹਮਾਇਤ ਨਹੀਂ ਕਰਦਾ ਕਿਉਂਕਿ ਗੁਰਬਾਣੀ ਦਾ ਫੁਰਮਾਣ ਹੈ ਕਿ 'ਭੁਲਣ ਅੰਦਰ ਸਭਿ ਕੋ ਅਭੁਲ ਗੁਰੂ ਕਰਤਾਰਿ।' ਉਰਦੂ ਜ਼ਬਾਨ ਵਿਚ ਯਾ ਇਉਂ ਕਹਿ ਲਿਆ ਜਾਵੇ ਕਿ 'ਹਮ ਇੰਮਾਨ ਖ਼ਤਾਕਾਰ-ਤੂੰ ਬੇ-ਐਬ ਪਰਵਰਦਗਾਰ।' ਕਹਿਣ ਤੋਂ ਭਾਵ ਕਿ ਜਿਵੇਂ ਸਾਡੇ ਆਮ ਮਨੁੱਖਾਂ ਵਿਚ ਕਈ ਕਿਸਮ ਦੀਆਂ ਤਰੁੱਟੀਆਂ ਕਮਜ਼ੋਰੀਆਂ ਅਤੇ ਬੁਰਾਈਆਂ ਨਾ-ਪਸੰਦੀਦਾ ਆਦਤਾਂ ਹੁੰਦੀਆਂ ਹਨ ਉਹ ਇਨ੍ਹਾਂ ਵਿਚ ਵੀ ਹੋ ਸਕਦੀਆਂ ਹਨ। ਦੂਸਰੇ ਜੋ ਦਾਸ ਨੇ ਇਥੇ ਇਨ੍ਹਾਂ ਦੀਆਂ ਕਲਾਕਾਰੀ ਦੀਆਂ ਖੂਬੀਆਂ ਯਾ ਜਾਨ ਤੋੜਕੇ ਗਾਉਣ ਵਜਾਉਣ ਦੀਆਂ ਸਿਫਤਾਂ ਬਿਆਨੀਆਂ ਹਨ-ਇਨ੍ਹਾਂ ਤੋਂ ਇਹ ਭਾਵ ਨਹੀਂ ਕਿ ਸਾਡੇ ਸਿੱਖ ਰਾਗੀ ਸੱਜਣਾਂ ਵਿਚ ਅਜਿਹੀਆਂ ਖੂਬੀਆਂ ਨਹੀਂ ਹਨ। ਬੜੇ ਬੜੇ

ਸੁਚੱਜੇ ਹੁਨਰਮੰਦ ਸਿੱਖ ਕਲਾਕਾਰ ਜਥੇ ਭੀ ਹੋ ਗੁਜਰੇ ਹਨ ਅਤੇ ਕੁਝ ਕੁ ਹੁਣ ਭੀ ਹੈਨ, ਜੋ ਕਿ ਸਰੋਤਿਆਂ ਨੂੰ ਕੀਲ ਸਕਣ ਵਿਚ ਸਮਰਥ ਹਨ ਹਾਂ ਲੇਕਿਨ ਰਬਾਬੀਆਂ ਦੇ ਮੁਕਾਬਲੇ ਕਦਰੇ ਘੱਟ ਹਨ। ਅਸਲ ਅਸੂਲੀ ਗੱਲ ਤਾਂ ਇਹ ਹੈ ਕਿ **Practice 'Makes a Man Perfect'** ਕਿਸੇ ਹੁਨਰ ਆਰਟ ਨੂੰ ਆਪਣੇ ਅੰਦਰ ਸਮੋ ਲੈਣ ਲਈ ਜਰੂਰੀ ਹੈ ਕਿ ਉਸ ਦੇ ਸੰਬੰਧ ਵਿਚ ਪੂਰੀ ਲਗਨ ਨਾਲ ਜਾਨ ਤੋੜ ਕੇ ਅਸਲੀ ਸ਼ਕਲ ਵਿਚ ਰਯਾਜ਼ ਮਿਹਨਤ ਭੀ ਕੀਤੀ ਜਾਵੇ। ਅਖੀਰ ਵਿਚ ਦਾਸ ਕੁਝ ਅੱਖਰ ਹਰਮਨ ਪਿਆਰੇ ਸੰਵਰਗਵਾਸੀ ਭਾਈ ਸਾਹਿਬ ਭਾਈ ਚਾਂਦ ਰਬਾਬੀ ਬਾਰੇ ਭੀ ਅੰਕਿਤ ਕਰਨਾ ਚਾਹੇਗਾ। ਗੁਰਬਾਣੀ ਦਾ ਫੁਰਮਾਣ ਹੈ ਕਿ 'ਸਭਨਾ ਉਪਰ ਨਦਰਿ ਹੈ ਤੇਰੀ ਕਿਸੇ ਹੈ ਥੋੜੀ ਕਿਸੇ ਹੈ ਘਨੇਰੀ।' ਸੋ ਇਸ ਸੱਜਣ ਉਪਰ ਵਾਹਿਗੁਰੂ ਅਤੇ ਗੁਰੂ ਬਾਬੇ ਦੀ ਕੁਝ ਬਹੁਤ ਵਧੇਰੇ ਅਪਾਰ ਕਿਰਪਾ ਹੀ ਸੀ। ਇਸ ਸੱਜਣ ਵਿਚ ਇਕੱਠੀਆਂ ਦਰਜਨਾ ਖੂਬੀਆਂ ਸਨ, ਜੋ ਕਿ ਹੋਰ ਕਿਸੇ ਕੀਰਤਨਕਾਰ ਦੇ ਹਿੱਸੇ ਘੱਟ ਹੀ ਆਈਆਂ ਹਨ। ਜੋ ਰਬਾਬੀ ਘਰਾਣਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਭਾਈ ਮਰਦਾਨਾ ਰਬਾਬੀ ਤੋਂ ਸ਼ੁਰੂ ਹੋਇਆ, ਉਹ ਪੀੜੀ ਦਰ ਪੀੜੀ ਚਲਦਾ ਹੋਇਆ ਇਸੇ ਭਾਈ ਚਾਂਦ ਜੀ ਤੇ ਆ ਕੇ ਹਿੰਦ-ਪਾਕ ਵੰਡ ਸਮੇਂ ਸਮਾਪਤ ਹੋ ਗਿਆ। ਇਉਂ ਇਸ ਸੱਜਣ ਬਾਰੇ ਜੇ ਕਰ ਇੰਜ ਆਖ ਦਿੱਤਾ ਜਾਵੇ ਕਿ 'ਸੇਵਕ ਕੀ ਓੜਕ ਨਿਭਹੀ ਪ੍ਰੀਤ' ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਭਾਈ ਚਾਂਦ ਜੀ ਦੀਆਂ ਖੂਬੀਆਂ ਬਾਰੇ ਅੰਕ ਨੰ. 17 ਅਕਤੂਬਰ 1990 ਅੰਮ੍ਰਿਤ ਕੀਰਤਨ ਵਿਚ ਸਫਾ 9 ਤੋਂ 23 ਤਕ ਬੜੀ ਬਾਰੀਕੀ ਅਤੇ ਵਜ਼ਾਹਤ ਨਾਲ ਦਾਸ ਬਿਆਨ ਕਰ ਚੁੱਕਾ ਹੈ। ਚਾਹਵਾਨ ਅਤੇ ਕੀਰਤਨ ਪ੍ਰੇਮੀ ਸੱਜਣ ਇਸ ਅੰਕ ਵਿਚ ਸਭ ਵੇਰਵਾ ਪੜ੍ਹ ਸਕਦੇ ਹਨ।

ਸਾਡੇ ਪੰਚਮ ਪਾਤਸ਼ਾਹ ਨੇ ਸ਼ਾਇਦ ਅਜਿਹੇ ਸੁਚਜ ਕੀਰਤਨਕਾਰ ਯਾ ਪ੍ਰਭੂ ਦੀ ਸਿਫ਼ਤੋ-ਸਲਾਹ ਵੱਲ ਧਿਆਨ ਦਿਲਾਉਣ ਵਾਲੇ ਸੱਜਣਾਂ ਬਾਰੇ ਹੀ ਅਜਿਹਾ ਅਪਣਤ ਭਰਿਆ ਜਜ਼ਬਾ ਬਿਆਨਿਆ ਹੈ ਕਿ 'ਓਇ ਸਾਜਨ ਓਇ ਮੀਤ ਪਿਆਰੇ। ਜੋ ਹਮ ਕਉ ਹਰਿ ਨਾਮੁ ਚਿਤਾਰੇ।' (ਸੂਹੀ ਮ: 5) ਪੰਨਾ 739, ਅਥਵਾ 'ਕੋਈ ਕਰ ਗਲ ਸੁਣਾਵੇ ਹਰਿ ਨਾਮ ਕੀ। ਸੋ ਭਾਈ ਸੋ ਮੇਰਾ ਬੀਰ।''

ਅੰਤ ਵਿਚ ਇਸ ਸਾਰੀ ਕਥਨੀ ਕਲਾਮ ਤੋਂ ਦਾਸ ਦਾ ਭਾਵ ਇਹ ਹੈ ਕਿ ਰਬਾਬੀ ਕੀਰਤਨਕਾਰਾਂ ਨੂੰ ਸਾਨੂੰ ਸਾਰੇ ਗੁਰੂ ਨਾਨਕ ਨਾਮ ਲੇਵਾ ਸੱਜਣਾਂ ਨੂੰ ਆਪਣਾ ਇਕ ਪਿਆਰਾ ਤੇ ਅਨਿੱਖੜਵਾਂ ਅੰਗ ਹੀ ਦਿਲੋਂ-ਮਨੋਂ ਤਸੱਵਰ ਕਰਨਾ ਯਾ ਸਮਝਣਾ ਚਾਹੀਦਾ ਹੈ ਅਤੇ ਇਨ੍ਹਾਂ ਲਈ ਹਮੇਸ਼ਾ ਸਾਡੇ ਦਿਲਾਂ ਵਿਚ ਅਦਬ ਸਤਿਕਾਰ ਹੋਣਾ ਚਾਹੀਦਾ, ਹੈ ਜਿਨ੍ਹਾਂ ਨੇ ਕਿ ਸਾਡੇ ਨਾਲ ਤਕਰੀਬਨ ਪੰਜ ਸਦੀਆਂ ਬਖੂਬੀ ਨਿਭਾ ਦਿੱਤੀਆਂ ਹਨ ਅਤੇ ਇਹ ਲਕ ਲਗਦੀ-ਵਾਹ ਗੁਰੂ ਘਰ ਤੋਂ ਅਲੱਗ ਨਹੀਂ ਹੋਏ।

ਸਾਨੂੰ ਬਲਕਿ ਆਪਣੀਆਂ ਧਾਰਮਕ ਪੁਸਤਕਾਂ ਅਤੇ ਪੱਤ੍ਰਕਾਵਾਂ ਵਿਚ ਭੀ ਇਹਨਾਂ ਨੂੰ ਖਿਰਾਜੇ-ਤਹਿਸੀਨ ਪੇਸ਼ ਕਰਦੇ ਹੋਏ, ਇਨ੍ਹਾਂ ਦਾ ਗਾਹੇ-ਬਗਾਹੇ ਜ਼ਿਕਰ ਬਿਆਨ ਕਰਦੇ ਰਹਿਣਾ ਚਾਹੀਦਾ ਹੈ; ਤਾਂ ਕਿ ਸਡੀਆਂ ਮੌਜੂਦਾ ਅਤੇ ਆਣ ਵਾਲੀਆਂ ਪੀੜੀਆਂ-ਨਸਲਾਂ ਨੂੰ ਭੀ ਅਜਿਹੀ ਹਰਕਤ ਤੋਂ ਕੁਝ ਜਾਣਕਾਰੀ ਮਿਲਦੀ ਰਵ੍ਹੇ ਅਤੇ ਇਵੇਂ ਹੀ ਨਾਲ-ਨਾਲ ਰਬਾਬੀ ਕੀਰਤਨਕਾਰ ਸਜਣਾਂ ਦੀ ਮੌਜੂਦ ਅਤੇ ਆਣ ਵਾਲੀਆਂ ਨਸਲਾਂ ਭੀ ਸਾਡੇ ਗੁਰੂ ਘਰ ਦੇ ਪ੍ਰੇਮੀਆਂ ਦੀ ਇਸ ਫਰਾਖ-ਦਿਲੀ ਅਤੇ ਇਨਸਾਫ਼–ਪਸੰਦੀ ਤੋਂ ਖੁਸ਼ੀ ਮਹਿਸੂਸ ਕਰ ਸਕਣ ।

ਵੈਸੇ ਅਸੂਲੀ ਗੱਲ ਤਾਂ ਇਹ ਹੈ ਕਿ ਸਾਨੂੰ ਹਰ ਮੁਹਜ਼ਬ-ਸ਼ਖਸ਼ ਨੂੰ ਕਿਸੇ ਭੀ ਦੂਜੇ ਦੀ **Ability or Morality** ਦੀ ਸ਼ਲਾਘਾ ਕਰਨੋਂ ਕੰਜੂਸੀ ਯਾ ਸੰਕੋਚ ਨਹੀਂ ਕਰਨਾ ਚਾਹੀਦਾ । ਬਲਿਕ ਦਿਲ ਖੋਲ੍ਹ ਕੇ ਦਾਦੇ-ਤਹਿਸੀਨ ਦੇਣੀ ਚਾਹੀਦੀ ਹੈ । ਇਲਮ ਹੁਨਰ (**Art**) ਵਿਚ ਅਤੇ ਇਖਲਾਕ ਸ਼ਭਿਅਤਾ ਨੇਕੀ ਵਿਚ ਇਜ਼ਾਫ਼ਾ ਅਤੇ ਵਾਧਾ ਹੁੰਦਾ ਰਹਿੰਦਾ ਹੈ । **This is without Prejudice** ਵਾਹਿਗੁਰੂ ਕਰੇ ਦਾਸ ਦੀ ਸਿਹਤ ਕੁਝ ਬ੍ਰ-ਕਰਾਰ ਰਹੇ ।

ਦਾਸ ਇਸ ਤੋਂ ਬਾਅਦ ਕੁਝ ਚੋਣਵੇਂ ਉੱਘੇ ਨਾਮੀ ਸਿੱਖ ਰਾਗੀ ਕੀਰਤਨਕਾਰ ਸਜਣਾਂ ਦਾ ਭੀ ਜਿਕਰ ਕਰੇਗਾ । ਕਿਸੇ ਹੋਈ ਗਲਤੀ ਵਜੋਂ ਖਿਮਾਂ । ਆਪ ਸਭ ਸਜਣਾਂ ਦਾ ਧੰਨਵਾਦ ।

ਅੰਤ ਵਿਚ ਦਾਸ ਨਿਮਰਤਾ ਪੂਰਵਕ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਮਹਾਰਾਜ ਦੀ ਸੇਵਾ ਵਿਚ ਇਕ ਛੋਟੀ ਜਿਹੀ ਬੇਨਤੀ ਜ਼ਰੂਰ ਕਰਨਾ ਚਾਏਗਾ ਕਿ ਦਾਸ ਦਾ ਇਹ ਬਿਰਧ ਅਵਸਥਾ (76 ਸਾਲ) ਦਾ ਸਰੀਰ ਆਉਂਦੇ ਸਾਲ ਸੰਨ 1993 ਵਿਚ ਕਾਇਮ ਰਹੇ ਯਾ ਨਾ ਰਹੇ ਬਤੌਰ ਹਕ-ਸ਼ਨਾਸੀ ਅਤੇ ਪਿਆਰ ਸਤਿਕਾਰ ਵ ਰਸਮੇ-ਵਫਾ ਦੇ ਤੌਰ ਤੇ ਅਗੋਂ ਲਈ ਜਦ ਅਜਿਹਾ ਸੁਹਾਵਣਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 1992 ਯਾ ਇਸ ਤੋਂ ਬਾਅਦ ਭੀ ਸ੍ਰ-ਇੰਜਾਮ ਦਿਤਾ ਜਾਵੇ ਤਾਂ ਇਕ ਰਬਾਬੀ ਜੱਥਾ ਲਾਹੌਰ (ਪਾਕਿਸਤਾਨ) ਤੋਂ ਜ਼ਰੂਰ ਇਸ ਗੁਰਮਤਿ ਮਹਿਫਲ ਵਿਚ ਸ਼ਾਮਿਲ ਕਰ ਲਿਆ ਕਰਨ । ਲਾਹੌਰ ਤੋਂ **Top** ਗਾਇਕ ਭਾਈ ਗੁਲਾਮ ਹਸਨ ਸ਼ਗਨ (ਸਪੁੱਤਰ ਸਵ. ਉਸਤਾਦੇ-ਆਜ਼ਮ ਭਾਂਈ ਲਾਲ ਜੀ ਅਤੇ ਭਾਈ ਸ਼ਾਮ ਜੀ ਅਤੇ ਭਾਈ ਗਾਮ ਜੀ ਬਜ਼ੁਰਗ ਰਬਾਬੀ ਜੋ ਕਿ ਸੰਨ 30 ਤੋਂ 35 ਦੇ ਦਰਮਿਆਨ ਕਿਸੇ ਸਮੇਂ ਭਾਈ ਚਾਂਦ ਜੀ ਰਬਾਬੀ ਦੀ **Supervision** ਹੇਠ ਉਨ੍ਹਾਂ ਨਾਲ ਸੰਗਤ ਕੀਤਾ ਕਰਦੇ ਸਨ ।

ਬਹਰ-ਹਾਲ ਉਪਰੋਕਤ ਪੂਜਯ ਸੰਤ ਮਹਾਰਾਜ ਦਾ ਬਹੁਤ ਬਹੁਤ ਧੰਨਵਾਦ

46-V-I, ਗਲੀ ਸੁਨਿਆਰਿਆਂ
ਕਟੜਾ ਦਲ ਸਿੰਘ
ਅੰਮ੍ਰਿਤਸਰ

# ਆਸਾ ਰਾਗੁ ਦੀ ਵਾਰ

## ਵਾਰ ਦੀ ਉਨੀਵੀਂ ਪਉੜੀ ਸਲੋਕਾਂ ਸਹਿਤ

ਲੜੀ ਵਾਰ :

ਸਲੋਕ ਮ: ੧ ॥ ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥
ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ ॥
ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ ॥
ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ ॥
ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ
ਪਾਇਆ ਘਿਰਤੁ ਤਾ ਹੋਆ ਪਾਕੁ ਪਵਿਤੁ ॥
ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥
ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥
ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥ ੧ ॥

ਮ: ੧ ॥ ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥
ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥
ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥ 2 ॥

**ਵਿਆਖਿਆ :-** ਵਹਿਮੀ ਸੁੱਚਮਤਾ ਪੈਦਾ ਕਰਨ ਦੇ ਨਾਲ ਕੁਦਰਤੀ ਪਾਚਨ ਕਿਰਿਆ ਉੱਤੇ ਕੋਈ ਹੋਰ ਗੈਰ ਕੁਦਰਤੀ ਅਸਰ ਪਾ ਕੇ ਉਸਦਾ ਅੰਤਮ ਮਲ ਅਵਸਥਾ ਦੀ ਅਸੁਚੀ ਨੂੰ ਸੁੱਚਤਾ ਨਹੀਂ ਦੇ ਸਕਦੇ । ਇਸ ਪਰਥਾਇ ਉਪ੍ਰੋਕਤ ਪਹਿਲੇ ਸਲੋਕ ਵਿੱਚ ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਨੇ ਗੁਰੂ ਗਰੰਥ ਸਾਹਿਬ ਜੀ ਦੇ ਅੰਕ 473 ਵਿੱਚ ਇੰਝ ਬਚਨ ਕਰਕੇ ਝੁਠਲਾਇਆ ਹੈ । ਜੀਓ: ਜੇ ਕੋਈ ਸਰੀਰਕ ਸੁੱਚਤਾ ਦੀ ਅਭਿਮਾਨੀ ਕਰਮਕਾਂਡੀ ਜੀਵ ਪਹਿਲਾਂ ਇਸ਼ਨਾਨ ਆਦਿ ਕਰਨ ਕਰਕੇ ਸੁੱਚਾ

ਬਣਿਆ। ਸੁੱਚੇ ਕੀਤੇ ਚੌਂਕੇ ਵਿੱਚ ਆ ਬੈਠਦਾ ਹੈ ਤੇ ਭੋਜਨ ਵੀ ਉਚ ਸੁੱਚਾ ਬਣਿਆ। ਖਾਣਾ ਖਾਣ ਤੋਂ ਪਹਿਲਾਂ ਸਲੋਕ ਆਦਿ ਪੜ੍ਹਕੇ ਸੁੱਚਤਾ ਦਾ ਵਖਾਵਾ ਕਰਦਾ ਹੈ, ਪਰ ਉਸਦੇ ਖਾਧੇ ਅੰਨ ਦਾ ਅੰਤ ਤਾਂ ਉਹੋ ਹੋਇਆ ਜੋ ਹੋਰਨਾ ਦੇ ਖਾਧੇ ਅੰਨ ਦਾ ਹੁੰਦਾ ਹੈ, ਖਾਧਾ ਅੰਨ ਤਾਂ ਵਿਸ਼ਟਾ ਬਣ ਕੇ ਹੀ ਸਰੀਰ ਚੋਂ ਮੈਲਾ ਬਣ ਬਾਹਰ ਨਿਕਲਦਾ ਹੈ। ਸਾਹਿਬ ਜੀ ਵਹਿਮ ਕਢ ਰਹੇ ਹਨ ਕਿ ਅੰਨ ਵੀ ਦੇਵਤਾ-ਪਾਣੀ ਵੀ ਦੇਵਤਾ ਤੇ ਅਗ ਜਿਸ ਬਣਾਇਆ ਵੀ ਦੇਵਤਾ (ਚੌਥਾ) ਲੂਣ ਤੇ ਪੰਜਵਾਂ ਘਿਉ ਪਾ ਬਣਾਇਆ ਸੀ। ਐਸੀਆਂ ਪਵਿਤ੍ਰ ਚੀਜਾਂ ਦਾ ਸਰੀਰ ਦੇ ਸੰਪ੍ਰਕ ਵਿੱਚ ਪੈਣ ਨਾਲ ਥੁੱਕ-ਬਲਗਮ ਤੇ ਮੂਤ੍ਰ-ਮੈਲਾ ਹੀ ਬਣਿਆ ਸੋ ਦੋਸ ਤਾਂ ਸਰੀਰ ਦੇ ਸਪਰਸ਼ ਤੇ ਆਇਆ। ਹੁਣ ਸਰੀਰ ਵੀ ਪਵਿਤ੍ਰਤਾ ਅਪਵਿਤ੍ਰਤਾ ਦਾ ਵੀਚਾਰ ਇਹ ਹੋਇਆ ਕਿ ਜੋ ਮੂੰਹ ਨਾਮ ਨਹੀਂ ਜਪਦਾ ਤੇ ਨਾਮ (ਰਸ) ਤੋਂ ਬਗੈਰ-ਆਫਰ ਕੇ ਖਾਂਦਾ ਹੈ ਉਹ ਸਰੀਰ (ਮੂੰਹ) ਨਫਰਤ ਯੋਗ ਹੈ ਭਾਵ ਉਸ ਮੂੰਹ ਤੇ ਲਾਹਨਤ ਰੂਪੀ ਥੁਕਾਂ ਪੈਂਦੀਆਂ ਹਨ ਜੀ।

ਸੋ ਉਪਰਲੇ ਦੂਜੇ ਸਲੋਕ ਵਿੱਚ ਜੋ ਹਿੰਦੂ ਸਾਸ਼ਤ੍ਰਾਂ ਨੇ ਇਸਤਰੀ ਜਾਤੀ ਨੂੰ ਸੂਦ੍ਰ ਦਾ ਦਰਜਾ ਦਿੱਤਾ ਹੈ ਉਸ ਖਿਆਲ ਦੀ ਭਰਮ ਨਵਿਰਤੀ ਇੰਜ ਕੀਤੀ ਹੈ ਸਾਹਿਬ ਗੁਰੂ ਨਾਨਕ ਪਾਤਸ਼ਾਹ ਨੇ ਕਿ ਇਹ ਪੰਡਿਤ ਜਿਸ ਇਸਤਰੀ ਦੇ (ਗਰਭ) ਪੇਟ ਵਿੱਚੋਂ ਜੰਮਿਆ ਹੈ ਉਸੇ ਇਸਤਰੀ ਨਾਲ ਮੰਗੇਵਾਂ ਤੇ ਵਿਆਹ ਹੁੰਦਾ ਹੈ ਤੇ ਉਸ ਇਸਤਰੀ ਤੋਂ ਅਨੁਰਾਗ ਪੈਦਾ ਹੁੰਦਾ ਹੈ ਤੇ ਸੁਭਾਵਕਤਾ ਦੂਰ ਦੀ ਹੈ। ਫਿਰ ਇਸਤਰੀ ਮਰ ਜਾਏ ਤੇ ਹੋਰ ਇਸਤਰੀ ਟੋਲਦਾ ਹੈ ਤਾਂ ਜੋ ਗ੍ਰਿਹ ਪ੍ਰਬੰਧ ਤੁਰਦਾ ਤੇ ਉਸੇ ਇਸਤਰੀ ਤੋਂ ਹੀ ਰਾਜੇ (ਪ੍ਰਤਾਪ ਵਾਲੇ ਲੋਕਾਂ) ਜਨਮ ਲੀਤਾ ਤੇ ਸਾਹਿਬ ਹਲੂਣਦੇ ਹਨ ਕਿ ਉਸੇ ਜਨਮ ਦੇਣ ਵਾਲੀ ਮਾਂ ਨੂੰ ਤੂੰ ਮੰਦਾ ਸੂਦਰ ਕਹਿੰਦਾ ਹੈ ਸ਼ਰਮ ਵਾਲੀ ਗੱਲ ਹੈ ਜੋ ਸੱਚਾ ਸਾਹਿਬ ਵਾਹਿਗੁਰ ਜੀ ਇਸ ਜਨਮ ਦੀ ਰਚਨਾ ਤੋਂ ਬਾਹਰ ਹੈ ਓਸੇ ਅਕਾਲ ਪੁਰਖੀ ਦੀ ਸਿਫਤ ਸਲਾਹ ਕਰਨੀ ਬਣਦੀ ਹੈ ਨਾ ਕਿ ਮਰਦ ਜਾਤੀ ਦੀ। ਮੁਕਦੀ ਗੱਲ ਇਸਤਰੀ ਹੋਣ ਕਰਕੇ ਕੋਈ ਨੀਵੀਂ ਨਹੀਂ ਤੇ ਮਰਦ (ਜਿਨਸ) ਬਣਾਕੇ ਉਚਾ ਨਹੀਂ ਹੈ। ਉੱਚਾ ਸੁੱਚਾ ਤੇ ਕੇਵਲ ਅਕਾਲ ਪੁਰਖ ਹੈ ਤੇ ਓਸ ਦੀ ਜੋ ਵੀ ਸਿਫਤ ਸਲਾਹ ਕਰਦਾ ਹੈ ਭਾਵੇਂ ਜਨਾਨੀ ਹੈ ਜਾਂ ਮਰਦ, ਜੋ ਪ੍ਰਮੇਸ਼ਵਰ ਨੂੰ ਸਦਾ ਧਿਆਵਦੇ ਹਨ। ਉਨਾਂ ਦੇ ਵੀਚਾਰਾਂ ਤੇ ਭਾਗਾਂ ਦੇਮਣੀ ਦੀ ਸੁੰਦਰਤਾ ਆ ਜਾਂਦੀ ਹੈ ਤੇ ਸੱਚੇ ਦਰਬਾਰ ਵਿੱਚ ਉਨਾ ਦੇ ਮੁਖਿ ਉਜਲ ਹੋ ਕੇ ਭਾਵ ਉਹ ਆਤਮਾ ਦਰਗਾਹ ਵਿੱਚ ਪ੍ਰਵਾਨ ਹੋਣਗੀਆਂ ਤੇ ਨਾਨਕ ਉਨਾਂ ਦੇ ਜਨਮ-ਮਰਨ ਗੇੜ ਮੁਕਣਗੇ।

ਪਉੜੀ : ਸਭ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ ॥
ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥
ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥
ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥
ਮੂਰਖੈ ਨਾਲਿ ਨ ਲੁਝੀਐ ॥ ॥

ਵਿਆਖਿਆ :- ਇਹ ਉਨੀਵੀਂ ਪਉੜੀ ਵਿੱਚ ਖਾਸ ਗੱਲ :- ॥ ਕਾਇਤ ਗਾਰਬਿ ਹੁੰਢੀਐ ਦੂਜਾ ਵਾਕ "ਮੰਦਾ ਕਿਸੈ ਨਾ ਆਖੀਐ" ਪਹਿਲਾਂ ਨੁਕਤਾ ਬ੍ਰਾਮਣ ਪ੍ਰਥਾਏ ਹੈ ਜੋ ਆਪ ਨੂੰ ਉਚਾ ਤੇ ਸੁੱਚਾ ਦਸ ਕੇ ਗਰੱਬ ਕਰਦਾ ਹੈ ਤੇ ਹੋਰਨਾ ਨੂੰ ਆਪ ਤੋਂ ਨੀਵਾਂ ਸਮਝਦਾ ਹੈ। ਜਿਨ੍ਹਾਂ ਨੂੰ ਉਹ ਨੀਵਾਂ ਸਮਝਦਾ ਹੈ ਉਨ੍ਹਾਂ ਵਿੱਚੋਂ ਇਸਤਰੀ ਜਾਤੀ ਦਾ ਨਮੂਨਾ ਲੀਤਾ ਹੈ, ਕਿਉਂਕਿ ਉਸੇ ਤੋਂ ਜੰਮ ਕੇ ਬ੍ਰਾਹਮਣ ਉਸ ਨੂੰ ਸ਼ੂਦਰ ਕਹਿੰਦਾ ਹੈ। ਸੋ ਸਾਹਿਬ ਜੀ ਚਿਤਾਵਨੀ ਦੇ ਰਹੇ ਹਨ ਕਿ ਕਿਸੇ ਨੂੰ ਮੰਦਾ ਕਹਿਣ ਦਾ ਤੈਨੂੰ ਕੋਈ ਹੱਕ ਨਹੀਂ ਹੈ। ਸੋ ਸਭ ਨੂੰ ਅਪਣਾ ਕੀਤਾ ਭੁਗਤਨਾ ਪਵੇਗਾ। ਕਿਸੇ ਨੂੰ ਮੰਦਾ (ਨੀਵਾਂ) ਕਹਿਣਾ ਆਪਣੇ ਆਪ ਨੂੰ ਉੱਚਾ ਸਮਝਣ ਵਾਲਾ ਮੂਰਖਿ ਹੈ ਦਰਗਾਹ ਵਿੱਚ ਉਸ ਨੂੰ ਮੂੰਹ ਦੀ ਖਾਣੀ ਪਵੇਗੀ ਤੇ ਜਨਮ-ਮਰਨ ਦੇ ਗੇੜ ਵਿੱਚ ਪੈਣਾ ਪਵੇਗਾ ਸੋ ਐਸੀ ਮੂਰਖਤਾ ਨਹੀਂ ਕਰਨੀ ਜੀਓ। ਜੇ ਦਰਗਾਹ ਵਿੱਚ ਥਾਂ ਲੈਣੀ ਹੈ ਤਾਂ।

ਪ੍ਰੇਮ ਸਿੰਘ ਚੰਡੀਗੜ੍ਹ

ਚਲਦਾ......

—0—0—0—

# ਲੰਬੇ ਕੀਰਤਨ ਟੂਰ ਦਾ ਪਹਿਲਾ ਅਨੁਭਵ

ਜੇ. ਪੀ. ਨੰਦਾ

1975 ਵਿਚ ਅਸੀਂ ਜਦ ਲੰਬੇ ਟੂਰ ਦਾ ਪ੍ਰੋਗ੍ਰਾਮ ਦਾ ਬਣਾਇਆ ਤਾਂ ਭਾਲਚਰ (ਉੜੀਸਾ) ਤੋਂ ਦੇਹਰਾਦੂਨ ਸੰਬਲਪੁਰ, ਜਬਲਪੁਰ, ਗਵਾਲੀਅਰ ਹੋਕੇ ਜਾਂਣਾ ਤੇ ਵਾਪਸੀ ਕਾਨਪੁਰ, ਬਨਾਰਸ, ਧੰਨਬਾਦ, ਬਾਲਾਸੋਰ ਰਾਹੀਂ ਨਿਸਚਿਤ ਹੋਇਆ । ਰਸਤੇ ਵਿਚ ਕੋਈ 25 ਗੁਰਦਵਾਰਿਆਂ ਚ ਕੀਰਤਨ ਕਰਨ ਦਾ ਇਰਾਦਾ ਸੀ ਤੇ ਇਹਨਾਂ ਗੁਰਦਵਾਰਿਆਂ ਦੇ ਪ੍ਰਬੰਧਕਾਂ ਨੂੰ ਰਾਤ ਦੇ ਠਹਿਰਨ ਤੇ ਸ਼ਾਮ ਤੇ ਸਵੇਰ ਦਾ ਕੀਰਤਨ ਕਰਨ ਦਾ ਪ੍ਰਬੰਧ ਕਰਨ ਲਈ ਚਿੱਠੀ ਰਾਹੀਂ ਬੇਨਤੀ ਕੀਤੀ ਸੀ । ਪਤਾ ਠੀਕ ਨਾ ਹੋਣ ਕਾਰਨ ਕਈ ਗੁਰਦਵਾਰਿਆਂ ਵਿਚ ਇਤਲਾਹ ਪੁਜੀ ਹੀ ਨਹੀਂ ਪਰ ਫਿਰ ਵੀ ਜਿਥੇ ਜਿਥੇ ਗਏ ਸੰਗਤਿ ਨੇ ਕਾਫ਼ੀ ਆਦਰ ਮਾਣ ਬਖ਼ਸ਼ਿਆ ।।

ਸੰਬਲਪੁਰ ਪਹਿਲਾ ਪੜਾ ਸੀ ਤੇ ਗੁਰਮੁੱਖ ਪਿਆਰੇ ਚਾਵਲਾ ਜੀ ਤੇ ਸੁਵਰਗਵਾਸੀ ਸਾਧੂ ਸਿੰਘ ਜੀ ਬੜੇ ਪ੍ਰੇਮ ਨਾਲ ਮਿਲੇ ਤੇ ਪ੍ਰੇਮੀ ਸੰਗਤਾਂ ਦਾ ਮਿਲਾਪ ਹੋਇਆ । ਇਹ ਮਿਲਾਪ ਓਸ ਪਿਆਰ ਵਿਚ ਬਦਲ ਗਿਆ ਕਿ ਅਸੀਂ ਦੋਨੋਂ ਸ਼ਹੀਦੀ ਗੁਰਪੁਰਬ (ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ) ਏਥੇ ਹੀ ਮਨਾਉਣੇ ਜਦ ਤਕ ਉੜੀਸਾ ਰਹੇ, ਤੇ ਹੋਰ ਵੀ ਕਈ ਵਾਰ ਜਾਣ ਦਾ ਮੌਕਾ ਮਿਲਿਆ । ਗੁਰਦੁਆਰੇ ਠਹਿਰਨ ਦਾ ਮੁਨਾਸਬ ਇੰਤਜ਼ਾਮ ਨਹੀਂ ਸੀ ਤੇ ਇਕ ਸੱਜਣ ਸਾਡੀ ਤਕਲੀਫ਼ ਨੂੰ ਦੇਖਕੇ ਆਪਣੇ ਘਰ ਲੈ ਗਏ ਪਰ ਬਾਦ ਵਿਚ ਤਾਂ ਅਕਸਰ ਚਾਵਲਾ ਜੀ ਆਪਣੇ ਪਾਸ ਹੀ ਠਹਿਰਾਂਦੇ ਸਨ !

ਰਾਏਪੁਰ ਇਕ ਤਾਲਚਰ ਦੇ ਮਿਤ੍ਰ ਦੇ ਭੈਣ ਜੀ ਦੇ ਘਰ ਠਹਿਰੇ ਜਿਥੇ ਉਹਨਾਂ ਸ਼ਾਮ ਦਾ ਸਤਸੰਗ ਕਰਾਇਆ ਤੇ ਸਵੇਰੇ ਗੁਰਦਵਾਰਾ ਸਾਹਿਬ ਲੈ ਗਏ ਕੀਰਤਨ ਲਈ । ਓਥੇ ਦਾ ਇਕ ਸ਼ਬਦ ਹੁਣ ਤਕ ਯਾਦ ਹੈ ਜੋ ਆਸਾ ਦੀ ਵਾਰ ਦੇ ਕੀਰਤਨ ਵਿਚ ਅਸੀਂ ਪਿਆਰ ਨਾਲ ਗਾਵਿਆ ।

"ਕੋਊ ਨ ਵਡਾ ਮਾਇਆ ਵਡਿਆਈ, ਸੋ ਵਡਾ ਜਿਨ ਰਾਮ ਲਿਵਲਾਈ ।।"

ਭਿਲਾਈ ਅਸੀਂ ਆਪਣੇ ਇੰਜੀਨੀਅਰ ਦੋਸਤ ਨੂੰ ਮਿਲੇ ਜਿਹਦੇ ਨਾਲ ਆਗਰੇ ਗੁਰਦਵਾਰਾ ਮਾਈ ਥਾਨ ਕੀਰਤਨ ਲਈ ਜਾਈਦਾ ਸੀ ਉਹਨਾਂ ਰਾਹੀਂ ਕੀਰਤਨ ਦੇ ਦੋ ਪ੍ਰੋਗ੍ਰਾਮ ਸਰਬਤ ਸੰਗਤ ਨਾਲ ਰਲਕੇ ਮਨਾਏ । ਜਦ ਅਸੀਂ ਜਬਲਪੁਰ ਦੇ ਰਾਹ ਦੇ ਘਨੇ

ਜੰਗਲਾਂ ਨੂੰ ਦਿਨ ਵਿਚ ਲੰਘਿਆ ਤਾਂ ਗੁਰੂ ਨਾਨਕ ਦੇਵ ਲਈ ਸੀਸ ਝੁਕ ਗਇਆ ਕਿ ਦਾਤਾ ਆਪ ਨੇ ਉਸ ਸਮੇਂ ਜਦ ਸੜਕਾਂ ਵੀ ਨਹੀਂ ਸਨ ਪੈਦਲ ਆਕੇ ਕੌਡੇ ਰਾਖਸ਼ ਨੂੰ ਏਥੇ ਤਾਰਿਆ। "ਧੰਨ ਨਾਨਕ ਤੇਰੀ ਵਡੀ, ਕਮਾਈ ਗਵਾਲੀਅਰ ਤਾਂ ਆਨੰਦ ਹੀ ਆ ਗਿਆ ਜਦ ਗੁਰਦਵਾਰਾ ਬੰਦੀਛੋੜ ਦੇ ਬਾਹਰ ਸੰਤ ਜੀ ਮਹਾਰਾਜ ਚਾਰਪਾਈ ਤੇ ਬੈਠੇ ਮਿਲੇ ਤੇ ਉਹਨਾਂ ਨੇ ਜੀ ਆਇਆਂ ਨੂੰ ਕਹਿਆ। ਸਾਫ਼ ਸੁਥਰੇ ਕਮਰੇ ਵਿਚ ਚਾਰਪਾਈਆਂ ਵਿਛੀਆਂ ਸਾਬਣ ਤੇਲ ਤੇ ਬਾਲਟੀ/ਮਗ ਆਦਿ ਹਰਿ ਕਮਰੇ ਦੇ ਗੁਸਲਖਾਨੇ ਵਿਚ ਤੇ ਫ਼ਲਸ਼-ਸਾਫ਼ ਲੈਟ੍ਰੀਨਾ ਦੇਖਕੇ "ਧੰਨ ਗੁਰੂ ਹਰਿ ਗੋਬਿੰਦ ਸਿੰਘ ਧੰਨ ਗੁਰ ਸਿੱਖੀ" ਮੂਹੋਂ ਨਿਕਲਿਆ। ਏਥੇ ਅੰਮ੍ਰਿਤ ਵੇਲੇ ਸਤਿਨਾਮ ਵਾਹਿਗੁਰੂ ਦੀਆਂ ਧੁੰਨੀਆਂ ਨਾਲ ਸੰਗਤਾਂ ਉਠੀਆਂ।। ਜਦ ਸੰਤ ਜੀ ਆਪ ਸੰਗਤਾਂ ਨਾਲ ਆਕੇ ਦਰਬਾਰ ਵਿਚ ਸਜ ਗਏ ਤਾਂ ਕੀਰਤਨ ਦਾਸਾਂ ਨੇ ਸ਼ੁਰੂ ਕੀਤਾ ਤੇ ਭੋਗ ਤਕ ਸੰਤ ਜੀ ਤੇ ਸੰਗਤਿ ਨੇ ਸੁਣਿਆ ਗਾਇਆ।। ਗੁਰੂ ਹਰਿ ਗੋਬਿੰਦ ਸਾਹਿਬ ਦੀਆਂ ਖੁਸ਼ੀਆਂ ਲਈਆਂ ਤੇ ਤੁਰਨ ਦੀ ਤਿਆਰੀ ਕੀਤੀ ਸੰਤ ਜੀ ਨੇ ਖ਼ਾਸ ਤੌਰ ਤੇ ਲੰਗਰ ਜਲਦੀ ਤਿਆਰ ਕਰਵਾਇਆ ਤੇ ਨਾਲ ਲਸੀਆਂ ਛਕਾ ਕੇ ਠੰਡ ਪਾਈ। ਸ਼ਾਮਾ ਦੇ ਦੀਵਾਨ ਵਿਚ ਪਾਠ ਰਹਰਾਸਿ ਤੇ ਕਥਾ ਹੋਈ ਤੇ ਸਰਬਤ ਪ੍ਰੇਮੀ ਸੰਗਤਾਂ ਜਿਹਨਾ ਵਿਚੋਂ ਜਿਆਦਾ ਪਿੰਡਾਂ ਤੋਂ ਆਈਆਂ ਕਾਰ ਸੇਵਾ ਵਾਲੀਆਂ ਸੰਗਤਾਂ ਸਨ ਤੇ 60-60 ਦੇ ਬੈਚ ਮਹੀਨਾ ਲਗਾਤਾਰ ਸੇਵਾ ਕਰਕੇ ਦੂਜੇ ਸੇਵਕਾਂ ਦੇ ਬੈਚ ਨੂੰ ਸੇਵਾ ਲਈ ਛਡ ਘਰੋ ਘਰੀ ਵਾਪਸ ਜਾਂਦੇ ਸਨ।।

ਅਸੀਂ ਸਾਗਰ ਪੁਜੇ ਤੇ ਇਕ ਛੋਟੇ ਜਿਹੇ ਗੁਰਦਵਾਰੇ ਤੋਂ ਸ਼ਹਿਰ ਦੇ ਗੁਰਦਵਾਰੇ ਦਾ ਪਤਾ ਪੁਛ ਰਹੇ ਸੀ ਕਿ ਇਕ ਸੱਜਣ ਸਾਈਕਲ ਤੇ ਅਸਾਡਾ ਇੰਤਜ਼ਾਰ ਹੀ ਕਰਦਾ ਮਿਲਿਆ।। ਬੜੀ ਖੁਸ਼ੀ ਹੋਈ ਕਿ ਕਿਤੇ ਤਾਂ ਕੀਰਤਨ ਪ੍ਰੇਮੀ ਅਸਾਡਾ ਇੰਤਜ਼ਾਰ ਵਿਚ ਹਨ।। ਸ਼ਾਮਾ ਨੂੰ ਬਾਰਸ਼ ਹੋਣ ਤੇ ਵੀ ਅਸਾਨੂੰ ਭਰਪੂਰ ਸੰਗਤਿ ਦਾ ਸਵਾਗਤ ਪ੍ਰਾਪਤ ਹੋਇਆ।। ਕੀਰਤਨ ਹਰਿਰਾਸ ਸਾਹਿਬ ਤੋਂ ਬਾਦ ਇਸ ਸ਼ਬਦ ਨਾਲ ਸ਼ੁਰੂ ਹੋਇਆ।

"ਬੋਲੀਐ ਸਚ ਧਰਮ ਝੂਠ ਨ ਬੋਲੀਐ"

ਸੰਗਤਾਂ ਨੇ ਆਨੰਦ ਨਾਲ ਸਾਥ ਦਿਤਾ ਤੇ ਬੜਾ ਆਨੰਦ ਆਇਆ ਅੰਮ੍ਰਿਤ ਵੇਲੇ ਵੀ ਕਾਫ਼ੀ ਸੰਗਤ ਟਾਈਮ ਤੇ ਪਹੁੰਚ ਕੇ ਜਾਪ ਸਾਹਿਬ ਕੀਰਤਨ ਤੇ ਫਿਰ ਆਸਾ ਦੀ ਵਾਰ ਕੀਰਤਨ ਦੀਆਂ ਝੜੀਆਂ ਲਗੀਆਂ। ਓਥੇ ਜਗਤਾਰ ਜੀ ਦੇ ਭਾਈ ਸਾਹਿਬ ਡਾਕਟਰ ਸਨ ਜਿਹਨਾਂ ਨੇ ਪਿਤਾ ਜੀ ਦੀ ਡਰੈਸਿੰਗ ਕੀਤੀ ਤੇ ਰਾਹ ਲਈ ਡਰੈਸਿੰਗ ਦਾ ਸਾਮਾਨ ਵੀ ਦਿਤਾ। ਸਾਗਰ ਤੋਂ ਬੀਨਾ ਆਪਣੇ ਗੁਰਮੁਖ ਪਿਆਰੇ ਸੰਤ ਹੁਕਮ ਸਿੰਘ ਜੀ ਨੂੰ ਮਿਲਣਾ ਸੀ ਪਰ ਓਹ ਓਥੇ ਨਹੀਂ ਮਿਲੇ ਤੇ ਅਸੀਂ ਕੀਰਤਨ ਦੀ ਹਾਜ਼ਰੀ ਭਰ ਕੇ, ਵਾਪਸ ਤੁਰੇ।

ਚਲਦਾ.........

# ਸੱਚ ਦੀ ਤਲਾਸ਼ ਵੱਲ ਇਕ ਹੋਰ ਕਦਮ

## *ਜਿਨ੍ਹਾਂ ਪਛਾਤਾ ਸੱਚੁ*

ਲੇਖਕ ਸੰਤਾ ਸਿੰਘ ਆਜਿਜ਼

'ਜਿਨ੍ਹਾਂ ਪਛਾਤਾ ਸੱਚੁ ਚੁਮਾ ਪੈਰ ਮੂ' ਫਰੀਦ ਜੀ ਦਾ ਫੁਰਮਾਨ ਹੈ। ਬਹੁਤ ਸਾਲ ਸਾਇਦ ਚਾਰ ਦਹਾਕੇ ਪਹਿਲਾ ਜਦੋਂ ਅਜੇ ਮੈਂ ਸਕੂਲ ਵਿਦਿਆਰਥੀ ਸਾਂ ਅਤੇ ਫ਼ਰੀਦ ਬਾਣੀ ਪਾਠ ਕ੍ਰਮ ਦਾ ਇਕ ਅੰਗ ਸੀ ਤਾਂ ਇਸ ਤੁਕ ਦੇ ਅਰਥ ਸਮਝ ਕੇ ਵੀ ਮੇਰੇ ਪੱਲੇ ਕੁਝ ਨਹੀਂ ਸੀ ਪਿਆ। ਸੱਚ ਦੀ ਪਛਾਣ ਕਿਹੋ ਜਿਹੀ ਹੋਵੇਗੀ ? ਉਮਰ ਦੇ ਪਿਛਲੇ ਚਾਰ ਦਹਾਕੇ ਕਈ ਵਾਰ ਇਹ ਸਵਾਲ ਨੇ ਮੇਰੀ ਚੇਤਨਾ ਨੂੰ ਹਿਲੂਣ ਕੇ ਜਗਾਉਣ ਦਾ ਜਤਨ ਕੀਤਾ ਹੈ। ਪਰ ਜਨਮਾਂ ਦੀ ਸੁਤੀ ਚੇਤਨਾ ਨੂੰ ਸ਼ਾਇਦ ਇਹੋ ਜਹੇ ਸਵਾਲ ਝੰਜੋੜ ਕੇ ਵੀ ਜਗਾ ਨਹੀਂ ਸਕਣਗੇ-ਇਹ ਡਰ ਕਿਸੇ ਨਾ ਕਿਸੇ ਰੂਪ ਵਿਚ ਮੇਰੀ ਹੋਂਦ ਤੇ ਚਾਦਰ ਵਾਂਗ ਵਿਛਿਆ ਰਹਿੰਦਾ ਹੈ ਇਸ ਡਰ ਤੋਂ ਮੁਕਤ ਹੋਣ ਦਾ ਸੁਚੇਤ ਰੂਪ ਵਿਚ ਕਦੀ ਜਤਨ ਕੀਤਾ ਹੋਵੇ ਮੈਨੂੰ ਯਾਦ ਨਹੀਂ। ਪਰ ਕਈ ਜਤਨ ਸ਼ੀਲ ਰਾਹੀਆਂ ਦੀ ਆਤਮ ਕਥਾ ਦੇ ਅੰਸ਼ ਸੁਣ ਪੜ੍ਹ ਕੇ ਇਸ ਰਾਹ ਤੇ ਚਲਣ ਦੀ ਪ੍ਰੇਰਨਾ ਜ਼ਰੂਰ ਮਿਲਦੀ ਹੈ ਭਾਵੇਂ ਇਹ ਪ੍ਰੇਰਨਾ ਨਿਰੋਲ ਵਕਤੀ ਹੀ ਸਾਬਤ ਹੁੰਦੀ ਰਹੀ ਹੈ।

ਸੰਤਾ ਸਿੰਘ ਆਜਿਜ਼ ਰਚਿਤ ਜਿਨਾ ਪਛਾਤਾ ਸਚੁ ਪੜ੍ਹਦਿਆਂ ਕਈ ਵਾਰ ਇਹੋ ਜਹੀ ਹੀ ਪ੍ਰੇਰਨਾ ਦਾ ਝਾਉਲਾ ਜਿਹਾ ਪਿਆ ਹੈ। ਗੁਰਮਤਿ ਮਾਰਗ ਦੇ ਇਸ ਬਜ਼ੁਰਗ ਰਾਹੀ ਨੇ 1985 ਤੋਂ 1989 ਤੱਕ ਪਹਿਲਾਂ ਹੀ ਆਪਣੇ ਮਨ ਦੇ ਅੰਦਰਲੀ ਵੇਦਨਾ ਛੇ ਪੁਸਤਕਾਂ ਦੇ ਰੂਪ ਵਿਚ ਸਿੱਖ ਜਗਤ ਅੱਗੇ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦੀ ਸਤਵੀ ਪੁਸਤਕ 'ਜਿਨਾ ਪਛਾਤਾ ਸਚੁ' ਉਨ੍ਹਾਂ ਦੇ ਆਪਣੇ ਜੀਵਨ ਮਾਰਗ ਦੀਆਂ ਕੁਝ ਕੌੜੀਆਂ ਮਿੱਠੀਆ ਯਾਦਾਂ ਹਨ। ਕੁਝ ਸਹਿ ਧਰਮੀਆਂ ਅਤੇ ਕੁਝ ਹੋਰ ਧਰਮਾਂ ਦੇ ਸਾਧਾਰਨ ਜੀਵਨ ਜੀ ਰਹੇ ਧਰਮ ਕਰਮੀਆਂ ਨਾਲ ਪਈਆਂ ਸਾਝਾਂ ਦਾ ਲੇਖਾ ਜੋਖਾ ਹਨ। ਲੇਖਕ ਦੀ ਹਰ ਯਾਦ ਪਰੰਪਰਾਗਤ ਸਾਖੀ ਅਤੇ ਪਾਰਸੀ ਨਾਟਕ ਸ਼ੈਲੀ ਵਾਲੀ ਤੁਕਾਂਤ ਬਧ ਭਾਸ਼ਾ ਵਿਚ ਰਚੀ ਇਕ ਸੁਆਦੀ ਕਥਾ ਬਣ ਗਈ ਹੈ।

ਲੇਖਕ ਭਾਰਤ ਤੋਂ ਇਲਾਵਾ ਵਿਦੇਸ਼ ਵਿਚ ਵੀ ਅੰਗਰੇਜ਼ਾਂ, ਅਫਰੀਕਨਾਂ ਅਤੇ ਹੋਰ ਕੌਮੀਅਤਾਂ ਦੇ ਸੱਚਾ ਸੁੱਚਾ ਜੀਵਨ ਜਿਉਣ ਦਾ ਜਤਨ ਕਰ ਰਹੇ ਆਪਣੇ ਅਧਿਕਾਰੀਆਂ ਜਾਂ ਸਹਿਯੋਗੀਆਂ ਨਾਲ ਪਾਠਕਾਂ ਦੀ ਮੁਲਕਾਤ ਕਰਾਉਣ ਦਾ ਜਤਨ

ਕਰਦਾ ਹੈ। ਉਸ ਦੇ ਵਿਸੇਸਤਾ ਦੂਜਿਆਂ ਦੇ ਗੁਣ ਉਜਾਗਰ ਕਰਦੇ ਹੋਏ ਵੀ ਆਪਣੇ ਇਸਟ. ਗੁਰਮਤਿ ਮਾਰਗ ਤੇ ਚਲਦੇ ਰਹਿਣ ਦਾ ਭਰੋਸਾ ਪੈਦਾ ਕਰਨ ਵਿਚ ਹੈ। ਕਈ ਥਾਵਾਂ ਤੇ ਲੇਖਕ ਆਪਣੇ ਆਚਾਰ ਵਿਹਾਰ ਵਿਚ ਆ ਗਈਆਂ ਕਮਜ਼ੋਰੀਆਂ ਨੂੰ ਮੰਨ ਲੈਣ ਅਤੇ ਸੁਧਾਰ ਕਰਨ ਲਈ ਵਚਨ ਬਧ ਹੋਣ ਦਾ ਹੌਸਲਾ ਵੀ ਕਰਦਾਂ ਹੈ।

160 ਪੰਨਿਆਂ ਦੀ ਇਸ ਪੁਸਤਕ ਦੇ ਸਮੁਚੇ ਪਾਠ ਉਪਰੰਤ ਇਹ ਪ੍ਰਭਾਵ ਉਜਾਗਰ ਹੁੰਦਾ ਹੈ ਕਿ ਸਾਰੇ ਧਰਮ ਹੀ ਮਨੁੱਖ ਨੂੰ ਦੂਜਿਆਂ ਦੇ ਭਲੇ ਲਈ ਆਪਣੇ ਹਿਤ ਵਾਰ ਦੇਣ ਅਤੇ ਸੁੱਚਾ ਆਚਾਰ ਵਿਹਾਰ ਅਪਣਾਉਣ ਦੀ ਪ੍ਰੇਰਨਾ ਦਿੰਦੇ ਹਨ। ਅਸਲ ਵਿਚ ਸੁੱਚਾ ਆਚਾਰ ਵਿਹਾਰ ਹੀ ਸੱਚ ਦੀ ਪਛਾਣ ਦਾ ਰਾਹ ਬਣ ਸਕਦਾ ਹੈ। 'ਜਿਨਾ ਪਛਾਤਾ ਸਚੁ' ਇਸ ਤਲਾਸ਼ ਵੱਲ ਲੇਖਕ ਇਕ ਹੋਰ ਕਦਮ ਪ੍ਰਤੀਤ ਹੁੰਦਾ ਹੈ।

ਡਾ. ਤਿਲੋਚਨ ਸਿੰਘ ਤਰਸੀ

—0—0—0—0—

# ਰਾਗੁ ਤਿਲੰਗ

ਸ. ਹਰਿਭਜਨ ਸਿੰਘ

ਜਾਤੀ ਔੜਵ ਔੜਵ ਸਮਾਂ ਸ਼ਾਮ
ਵਾਦੀ ਗ਼ ਸੰਵਾਦੀ ਨੀ
ਆਰੋਹ ਨੀ ਸ ਗ ਮ ਪ ਨੀ ਸ਼ ਵਰਜਤ ਰੇ ਧ, ਨੀ ਕੋਮਲ ਆਰੋਹ ਵਿਚੋਂ
ਅਵਰੋਹ ਰੇਂ ਨੀ ਸ ਨ਼ੀ ਪ ਮ ਗ ਸ ਵਿਵਾਦੀ ਸਵਰ, ਰੇ ਤਾਰ ਸੱਪਤਕ ਵਿਚੋਂ

ਮੁਖ ਅੰਗ

ਸ ਗ, ਮ ਪ, ਨ਼ ਪ, ਮ ਗ, ਨ਼ ਪ, ਗ ਮ ਗ ਸ ਨ਼. ਸ
ਗ ਮ ਪ ਨ਼ ਪ ਮ ਗ, ਗ ਮ ਪ, ਨ ਸਂ, ਗ ਗਂ ਗਂ
ਸ ਨ਼ ਪ ਮ ਗ, ਗ ਮ ਸ, ਗ ਮ, ਨ਼ ਪ ਮ ਗ ਗ

| X | | | 0 | | | X | | | 0 | | |
|---|---|---|---|---|---|---|---|---|---|---|---|
| ਅਸਥਾਈ | 2 | 3 | 4 | 5 | 6 | 1 | 2 | 3 | 4 | 5 | 6 |
| ਸ | ਗ | — | ਮ | ਪ | ਪ | ਮਪ | ਮਗ | ਗ | ਮ | ਪ | — |
| ਐ | ਸਾ | S | ਬਾ | ਜੀ | ਸੈ | ਸਾS | SS | S | ਰੁ | S | S |
| ਨ | ਨ | ਸਂ | ਨ਼ | ਪ | ਪ | ਗਮ | ਪਨ਼ | ਪਮ | ਗ | ਪਮ | ਗ |
| ਨ | ਚੇ | S | ਤੈ | ਹ | ਰਿ | ਨਾS | SS | SS | ਮਾ | SS | S |
| ਸ | ਗ | — | ਮ | ਪ | ਪ | ਨ਼ | ਪ | ਮ | ਗ | ਗ | — |
| ਐ | ਸਾ | S | ਬਾ | ਜੀ | ਸੈ | ਸਾ | S | S | ਰੁ | S | S |
| ਨ਼ਸ | ਗਮ | ਪ | ਗਮ | ਪਨ਼ | ਨ | ਪਨ਼ | ਸਰੇਂ | ਸਨ਼ | ਸਨ਼ | ਪਮ਼ | ਗ |

ਦੋ ਵਾਰੀ ਖਾਲੀ ਵਜਾਓ

ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਗ | ਗ | ਮ | ਪ | ਨ | ਨ | ਪਨ਼ | ਸਂਰੇਂ | ਸਂਨ | ਸਂ | ਨ਼ਪ | ਮਗ |
| ਖਿਨ | ਮ | ਹਿ | ਬਿਨ | ਸੈ | ਸਭੁ | ਝੁS | SS | SS | ਠ | SS | SS |
| ਗ | ਗ | ਮ | ਪ | ਨ | ਨ | ਪਨ਼ | ਸਂਰੇਂ | ਸਂਨ਼ | ਸ | ਸਂ | — |
| ਖਿਨ | ਮ | ਹਿ | ਬਿਨ | ਸੈ | ਸਭੁ | ਝੁS | SS | SS | ਠ | SS | SS |
| ਨ਼ਸਂ | ਗਂ | ਗਂਮਂ | ਰੇਂ | ਸਂ | — | ਨਸਂ | ਨਸ | ਰੇਂਸ | ਨ਼ | ਪਮ | ਗ |
| ਮੇਰੇ | ਮ | ਨS | ਧਿਆ | ਇ | S | ਰਾS | SS | SS | ਮਾ | SS | S |
| ਨ | ਨ | ਸ | ਨ਼ | ਪ | ਪ | ਗਮ | ਪਨ਼ | ਪਮ | ਗ | ਪਮ | ਗ |
| ਮੇਰੇ | ਮ | ਨ | ਧਿਆ | ਇ | S | ਤਾS | SS | SS | ਮਾ | SS | S |

ਤਾਲ ਦਾਦਰਾ

| | X | | | 0 | | |
|---|---|---|---|---|---|---|
| ਠੇਕਾ | ਧਾ | ਧਿੰ | ਨਾ | ਧਾ | ਤਿੰ | ਨਾ |
| | 1 | 2 | 3 | 4 | 5 | 6 |

X — ਤਾਲੀ

0 — ਖਾਲੀ

6 — ਮਾਤ੍ਰਾ

## ਤਿਲੰਗ ਮਹਲਾ 4 (723)

ਨਿਤ ਨਿਹਫਲ ਕਰਮ ਕਮਾਇ, ਬਫਾਵੈ ਦੁਰਮਤੀਆ ॥

ਜਬ ਆਵੈ ਵਲਵੰਚ ਕਰਿ ਝੂਠ, ਤਬ ਜਾਣੈ ਜਗੁ ਜਿਤੀਆ ॥੧॥

ਐਸਾ ਬਾਜੀ ਸੈਸਾਰੁ ਨ ਚੇਤੈ ਹਰਿ ਨਾਮਾਂ ॥

ਖਿਨ ਮਹਿ ਬਿਨਸੈ ਸਭੁ ਝੂਠੁ ਮੇਰੇ ਮਨ ਧਿਆਇ ਰਾਮਾ ॥੧॥ ਰਹਾਉ॥

ਸਾ ਵੇਲਾ ਚਿਤਿ ਨ ਆਵੈ, ਜਿਤੁ ਆਇ ਕੰਟਕੁ ਕਾਲੁ ਗ੍ਰਸੈ ॥

ਤਿਸੁ ਨਾਨਕ ਲਏ ਛਡਾਇ, ਜਿਸੁ ਕਿਰਪਾ ਕਰਿ ਹਿਰਦੈ ਵਸੈ ॥2॥2॥

ਅਰਥ :— ਹੇ ਮੇਰੇ ਮਨ ! ਜਗਤ ਇਹੋ ਜਿਹਾਂ ਹੈ ਜਿਵੇਂ ਇਕ ਖੇਡ ਹੁੰਦੀ ਹੈ, ਇਹ ਸਾਰਾ ਨਾਸਵੰਤ ਹੈ, ਇਕ ਛਿਨ ਵਿਚ ਨਾਸ ਹੋ ਜਾਂਦਾ ਹੈ (ਪਰ ਖੋਟੀ ਮਤ ਵਾਲਾ ਮਨੁੱਖ ਫਿਰ ਭੀ) ਪਰਮਾਤਮਾ ਦਾ ਨਾਮ ਨਹੀਂ ਸਿਮਰਦਾ। ਹੇ ਮੇਰੇ ਮਨ ! ਤੂੰ ਤਾਂ ਪਰਮਾਤਮਾ ਦਾ ਧਿਆਨ ਧਰਦਾ ਰਹੁ ।ਰਹਾਓ ।

ਹੇ ਮੇਰੇ ਮਨ ! ਖੋਟੀ ਮਤ ਵਾਲਾ ਮਨੁੱਖ ਸਦਾ ਉਹ ਕੰਮ ਕਰਦਾ ਰਹਿੰਦਾ ਹੈ ਜਿਨ੍ਹਾਂ ਤੋਂ ਕੋਈ ਲਾਭ ਨਹੀਂ ਹੁੰਦਾ (ਫਿਰ ਭੀ ਅਜਿਹੇ ਵਿਅਾਰਥ ਕੰਮ ਕਰਕੇ) ਲਾਫਾਂ ਮਾਰਦਾ ਰਹਿੰਦਾ ਹੈ ਜਦੋਂ ਕੋਈ ਠੱਗੀ ਕਰਕੇ, ਕੋਈ ਝੂਠ ਬੋਲ ਕੇ ਲੈ ਆਉਂਦਾ ਹੈ, ਤਦੋਂ ਸਮਝਦਾ ਹੈ ਕਿ ਮੈਂ ਦੁਨੀਆਂ ਨੂੰ ਜਿੱਤ ਲਿਆ ਹੈ।

ਹੇ ਮੇਰੇ ਮਨ ! ਖੋਟੀ ਮਤ ਵਾਲੇ ਮਨੁੱਖ ਨੂੰ ਉਹ ਵੇਲਾ ਯਾਦ ਨਹੀਂ ਆਉਂਦਾ ਜਦੋਂ ਦੁਖਦਾਈ ਕਾਲ ਆ ਕੇ ਫੜ ਲੈਂਦਾ ਹੈ। ਹੇ ਨਾਨਕ ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਮਿਹਰ ਕਰਕੇ ਆ ਵੱਸਦਾ ਹੈ ਉਸ ਨੂੰ (ਮੌਤ ਦੇ ਡਰ ਤੋਂ) ਛੁਡਾ ਲੈਂਦਾ ਹੈ।

# ਅਰਦਾਸ

## ਦੁਇ ਕਰ ਜੋੜਿ ਕਰਉ ਅਰਦਾਸਿ, ਤੁਧੁ ਭਾਵੈ ਤਾਂ ਆਣਹਿ ਰਾਸਿ ॥

ਗੁਰਸਿਖ ਅਤੇ ਅਰਦਾਸ ਦਾ ਇਕ ਡੂੰਘਾ ਰਿਸ਼ਤਾ ਹੈ। ਗੁਰੂ ਮਹਾਰਾਜ ਨੇ ਗੁਰਸਿਖ ਨੂੰ ਸਭ ਤੋਂ ਵਡੀ ਦਾਤ ਅਰਦਾਸ ਦੀ ਦਿਤੀ ਹੈ। ਇਸੇ ਦਾਤ ਦੇ ਆਸਰੇ ਉਸ ਦੀ ਹਰ ਪਵਿਤ੍ਰ (ਪਵਿਤਰ ਤੋਂ ਭਾਵ ਜਿਸ ਵਿਚ ਕਿਸੇ ਦਾ ਬੁਰਾ ਨਾ ਮੰਗਿਆ ਜਾਵੇ) ਇਛਾ ਪੂਰੀ ਹੁੰਦੀ ਹੈ। ਅਰਦਾਸ ਵਿਚ ਬੜੀ ਸ਼ਕਤੀ ਹੈ। ਕਹਿਣਾ ਬੜਾ ਹੀ ਸੌਖਾ ਹੈ ਪਰ ਇਸ ਸ਼ਕਤੀ ਦੀ ਵਰਤੋਂ ਕਰਨੀ ਕੋਈ ਕੋਈ ਹੀ ਜਾਣਦਾ ਹੈ।

ਗੁਰੂ ਮਹਾਰਾਜ ਦਾ ਫਰਮਾਨ ਹੈ।

'ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ, ਨਾਨਕ ਜੋਰ ਗੋਬਿੰਦ ਕਾ ਪੂਰਨ ਗੁਣਤਾਸ'

ਭਾਵ :— 'ਜਨ' ਦੀ ਕੀਤੀ ਹੋਈ ਅਰਦਾਸ ਕਦੇ ਬਿਰਥੀ ਨਹੀਂ ਜਾਂਦੀ। ਪਰ 'ਜਨ' ਬਣਨਾ ਹੀ ਤਾਂ ਔਖਾ ਹੈ। ਕੇਵਲ ਦੋ ਅਖਰਾਂ ਦਾ ਇਹ ਸ਼ਬਦ 'ਜਨ' ਬੜਾ ਹੀ ਡੂੰਘਾ ਅਰਥ ਰਖਦਾ ਹੈ। ਆਪਣਾ ਆਪ ਮਿਟਾ ਕੇ 'ਮੈਂ' ਦਾ ਨਾਸ ਕਰਕੇ, ਮੈਂ ਤੇ ਮੇਰਾ ਹਟਾ ਕੇ ਬਸ "ਮੈਂ ਤੇਰਾ" ਬਣਨ ਨੂੰ ਜਨ ਆਖਿਆ ਜਾਂਦਾ ਹੈ। ਹੰਕਾਰ ਨੂੰ ਮਿਟਾ ਕੇ ਨਿਮਰ ਹੋਕੇ ਪੂਰਨ ਵਿਸ਼ਵਾਸ ਨਾਲ ਕੀਤਿਆਂ, ਅਰਦਾਸ ਧੁਰ ਜਾਕੇ ਪਹੁੰਚਦੀ ਹੈ। ਅਰਦਾਸ ਕਰਨੀ ਉਂਞ ਤਾਂ ਬੜੀ ਸੌਖੀ ਹੈ ਪਰ ਮਨ ਵਿਚ ਪੂਰਨ ਵਿਸ਼ਵਾਸ ਨਾਲ ਅਰਦਾਸ ਕਰਨੀ ਬੜੀ ਔਖੀ ਹੈ। ਮਨ ਵਿਚ ਪਹਿਲੇ ਇਹ ਵਿਚਾਰ ਆਉਂਦਾ ਹੈ ਜੇ ਅਰਦਾਸ ਸੁਣੀ ਗਈ। ਤੇ ਫਿਰ ਇਹੀ 'ਜੇ' ਅਖਰ ਅਰਦਾਸ ਦੀ ਸਾਰੀ ਸ਼ਕਤੀ ਨੂੰ ਖਤਮ ਕਰ ਦਿੰਦਾ ਹੈ। ਸ਼ੰਕਾ ਵਿਸ਼ਵਾਸ ਤੋਂ ਉਪਰ ਉਠ ਜਾਂਦੀ ਹੈ।

ਦੂਸਰਾ ਅਖਰ ਹੈ ਮੈਂ" ! ਮੈਂ ਤੇ ਮੇਰਾ ਅਖਰਾਂ ਵਿਚ ਛੁਪੀ ਹਉਮੈਂ ਅਰਦਾਸ ਦੀ ਸ਼ਕਤੀ ਨੂੰ ਪਿਛਾਂਹ ਧਕ ਕੇ ਆਪ ਅਗੇ ਵਧਣ ਦੀ ਕੋਸ਼ਿਸ਼ ਕਰਦੇ ਹਨ। ਮੈਂ ਤੇ ਮੇਰਾ ਦੀਆਂ ਸਿਆਣਪਾਂ ਆਪਣੇ ਆਪ ਨੂੰ ਜਿਆਦਾ ਸ਼ਕਤੀਮਾਨ ਸਮਝਦੀਆਂ ਹਨ। ਪਰ ਜੇਕਰ ਉਸ ਪ੍ਰਭੂ ਨੂੰ ਸਰਬ ਸ਼ਕਤੀਮਾਨ ਨੂੰ ਹਾਜ਼ਰ ਨਾਜ਼ਰ ਜਾਣਕੇ ਸਚੇ ਦਿਲੋਂ ਵਿਸ਼ਵਾਸ ਨਾਲ ਨਿਮਰ ਜਨ ਬਣਾਕੇ ਅਰਦਾਸ ਕੀਤੀ ਜਾਏ ਤਾਂ ਹਰ ਹਾਲ ਵਿਚ ਪ੍ਰਵਾਨ ਚੜ੍ਹਦੀ ਹੈ।

ਨਾਨਕ ਹੁਕਮ ਨ ਚਲਈ, ਨਾਲ ਖਸਮ ਚਲੈ ਅਰਦਾਸਿ ॥

ਸਚੇ ਵਿਸ਼ਵਾਸ ਦੀ ਮਿਸਾਲ ਓਸ਼ੋ ਰਾਜਨੀਸ਼ ਨੇ ਬੜੀ ਹੀ ਪਿਆਰੀ ਘਟਨਾ ਵਿਚ ਦਿਤੀ ਹੈ। ਰਾਜਨੀਸ਼ ਲਿਖਦੇ ਹਨ ਕਿ ਇਕ ਬਾਰ ਇਕ ਪਿੰਡ ਵਿਚ ਬੜੀ ਦੇਰ ਤੋਂ

ਬਾਰਸ਼ ਨਾ ਪਈ। ਸੋਕਾ ਪੈ ਗਿਆ। ਵਡਿਆਂ ਵਡੇਰਿਆਂ ਰਲ ਕੇ ਸਲਾਹ ਕੀਤੀ ਕਿ ਪਿੰਡ ਦੇ ਗਿਰਜਾ ਘਰ ਵਿਚ ਸਾਰਾ ਪਿੰਡ ਇਕਠਾ ਹੋਕੇ ਅਰਦਾਸ ਕਰੇ। ਤਾਂ ਜੋ ਈਸ਼ਵਰ ਮੀਂਹ ਵਰਸਾਏ। ਮਿਥਿਤ ਦਿਨ ਸਾਰੇ ਪਿੰਡ ਦੇ ਲੋਕ ਇਕਠੇ ਹੋਕੇ ਗਿਰਜਾ ਘਰ ਵਿਚ ਪਹੁੰਚ ਗਏ। ਲੋਕਾਂ ਨੇ ਵੇਖਿਆ ਕਿ ਇਕ ਛੋਟਾ ਜਿਹਾ ਬੱਚਾ ਛਤਰੀ ਨਾਲ ਲੈਕੇ ਆਇਆ ਸੀ। ਪੁਛਣ ਤੇ ਬਚਾ ਕਹਿਣ ਲਗਾ ਜਦੋਂ ਅਸੀਂ ਬਾਰਸ਼ ਲਈ ਅਰਦਾਸ ਕਰਨ ਲਗੇ ਹਾਂ ਤਾਂ ਬਾਰਸ਼ ਜਰੂਰ ਹੋਏਗੀ ਇਸ ਲਈ ਭਿਜਣ ਤੋਂ ਬਚਣ ਲਈ ਮੈਂ ਛਤਰੀ ਨਾਲ ਲੈਕੇ ਆਇਆ ਹਾਂ। ਇਹ ਸੀ ਪੂਰਨ ਵਿਸ਼ਵਾਸ। ਮਾਸੂਮ ਬਚੇ ਦਾ ਵਿਸ਼ਵਾਸ ਸਾਰੇ ਪਿੰਡ ਤੋਂ ਸਚਾ ਸੁਚਾ ਤੇ ਪੂਰਨ ਵਿਸ਼ਵਾਸ ਸੀ। ਸਾਡੇ ਵਿਚ ਇਸੇ ਵਿਸ਼ਵਾਸ ਦੀ ਘਾਟ ਹੈ।

ਅਰਦਾਸ ਦੇ ਸਦਕੇ ਹੀ ਤਾਂ ਮਖਣ ਸ਼ਾਹ ਨੇ ਅਪਣਾ ਡੁਬਦਾ ਬੇੜਾ ਬਚਾ ਲਿਆ ਸੀ ਜੋ ਕਿ ਸਦਾ ਲਈ ਅਮਰ ਮਿਸਾਲ ਬਣ ਗਿਆ ਹੈ। ਇਹ ਤੁਕ ਵੇਖੋ :—

"ਝੜਿ ਝਘੜਿ ਓਹਾੜਿ ਲਹਿਰੀ ਵਹਿਣ, ਲਖੇਸਰੀ ਸਤਿਗੁਰ ਸਿਉ ਅਲਾਇ"
ਬੇੜੇ ਡੁਬਣ ਨਾਹੀ ਭਾਉ।

ਲਖਾਂ ਤੂਫਾਨ, ਭਿਆਨਕ ਤੋਂ ਭਿਆਨਕ ਸਮਾਂ ਸੰਕਟ ਦੀ ਘੜੀ ਵਿਚ ਜੇਕਰ ਉਸ ਮਾਲਕ ਨੂੰ ਸਚੇ ਵਿਸ਼ਵਾਸ ਨਾਲ ਪੁਕਾਰਿਆ ਜਾਏ ਤਾਂ ਉਹ ਆਪ ਪਹੁੰਚਦਾ ਹੈ ਬਚਾਣ ਲਈ। ਇਤਿਹਾਸ ਗਵਾਹੀ ਦਿੰਦਾ ਹੈ ਦ੍ਰੋਪਦੀ ਦੀ ਪੁਕਾਰ ਦੀ। ਕਿਵੇਂ ਦ੍ਰੋਪਦੀ ਨੇ ਕੁਰਲਾ ਕੇ ਕਿਹਾ ਸ੍ਰੀ ਕ੍ਰਿਸ਼ਨ ਨੂੰ ਤੇ ਕਿਵੇਂ ਮੁਰਲੀ ਮਨੋਹਰ ਨੇ ਆਕੇ ਭਰੀ ਸਭਾ ਵਿਚ ਦ੍ਰੋਪਦੀ ਦੀ ਲਾਜ ਰਖ ਵਿਖਾਈ। ਅਸੀਂ ਜੇਕਰ ਉਸਦੇ ਦਰ ਤੇ ਪੁਕਾਰ ਕੇ ਆਂਈਏ—

ਹਰਿ ਜੂ ਰਾਖਿ ਲੈਹੁ ਪਤਿ ਮੇਰੀ, ਤਾਂ ਫਿਰ ਜਾਹਿਰ ਹੈ ਕਿ,
ਅਰਦਾਸਿ ਸੁਣੀ ਦਾਤਾਰਿ ਪ੍ਰਭਿ ਹੋਏ ਕਿਰਪਾਲ॥

ਅਰਦਾਸ ਕੀਤਿਆਂ, ਸੁਣਿਆਂ ਮਨੁਖ ਨੂੰ, ਦੁਨੀਆਂ ਵਿਚ ਇਜ਼ਤ ਮਾਣ ਪ੍ਰਾਪਤ ਹੁੰਦਾ ਹੈ।

"ਸਭ ਸ੍ਰਿਸਟੀ ਸੇਵੇ ਦਿਨੁ ਰਾਤਿ ਜੀਓ, ਦੇ ਕੰਨੁ ਸੁਹਣੁ ਅਰਦਾਸਿ ਜੀਓ"

ਉਸ ਅਗੇ ਪੁਕਾਰ ਕਰਨ ਲਈ ਸ਼ਬਦਾਂ ਦਾ ਚਯਨ ਕਰਨ ਦੀ ਲੋੜ ਨਹੀਂ ਡਾਇਲਾਗ ਦੀ ਲੋੜ ਨਹੀਂ ਉਹ ਤਾਂ ਅੰਤਰਜਾਮੀ ਘਟ ਘਟ ਦੀ ਜਾਨਣਹਾਰ ਹੈ ਉਹ ਤਾਂ

ਬਿਨ ਬੋਲਿਆਂ ਸਭ ਜਾਣਦਾ, ਕਿਸ ਆਗੈ ਕੀਚੈ ਅਰਦਾਸ ਜਾਉ!

ਤੇ ਫਿਰ :—

ਹਰਿ ਅੰਤਰਜਾਮੀ ਸਭ ਬਿਧੀ ਜਾਣੈ, ਤਾ ਕਿਸੁ ਪਹਿ ਆਖਿ ਸੁਣਾਈਐ॥

ਉਸ ਨੂੰ ਤਾਂ ਅੰਦਰੋ ਹੀ ਅੰਦਰ ਪੁਕਾਰੋ ਯਾਦ ਕਰੋ ਫਰਿਆਦ ਕਰੋ ਉਹ ਸੁਣਦਾ ਹੈ ਪਰ ਬਸ ਜਨ ਬਣ ਕੇ ਯਾਦ ਕਰੋ ਉਹੀ ਤਾਂ ਔਖਾ ਹੈ ਮਨ ਸ਼ੈਤਾਨ ਹੈ ਟਿਕਦਾ ਨਹੀਂ

ਅਰਦਾਸ ਕਰਦਿਆਂ ਮਨ ਕਿਤੇ ਹੋਰ ਹੀ ਭਜਿਆ ਫਿਰਦਾ ਹੈ। ਕਦੀ ਕਿਸੇ ਹੋਰ ਨੂੰ ਯਾਦ ਕਰ ਰਿਹੈ, ਕਦੀ ਕਿਸੇ ਤੋਂ ਬਦਲਾ ਲੈਣ ਦੀ ਸੋਚ ਰਿਹੈ, ਕਦੀ ਕਿਸੇ ਨੂੰ ਨਿੰਦ ਰਿਹੈ, ਕਿਸੇ ਨੂੰ ਚਾਹ ਰਿਹੈ ਕਿਸੇ ਨੂੰ ਬੁਰਾ ਭਲਾ ਕਹਿ ਰਿਹੈ। ਤਨ ਤਾਂ ਹਾਜਰ ਹੈ ਪਰ ਮਨ ਗ਼ੈਰ ਹਾਜ਼ਰ ਹੈ। ਮਨ ਦੀ ਹਾਜ਼ਰੀ ਹੀ ਅਰਦਾਸ ਵਿਚ ਜੁੜਦੀ ਹੈ। ਉਹ ਵੀ ਨਿਮਰ ਮਨ ਬਿਨਾਂ ਕਿਸੇ ਹੰਕਾਰ ਤੋਂ "ਸਭ ਤੂੰ ਹੀ ਹੈ"। "ਸਭ ਤੇਰਾ" ਕਹਿਣ ਵਾਲਾ ਮਨ ਜਦੋਂ ਅਰਦਾਸ ਕਰੇ ਤਾਂ ਫਿਰ "ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸ :—

ਤੇ

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥

ਪਰ ਸਾਡੇ ਮਨ ਦੀ ਅਵਸਥਾ ਹੋਰ ਹੈ। ਅਸੀਂ ਸਿਰਫ ਦੁਨਿਆਵੀ ਸੁਖਾਂ ਲਈ ਅਰਦਾਸ ਕਰਦੇ ਹਾਂ ਹਰ ਰੋਜ਼ ਇਕ ਨਵੀ ਮੰਗ ਇਕ ਨਵੀਂ ਇਛਾ ਲੈਕੇ ਅਸੀਂ ਉਸ ਦੇ ਦਰ ਤੇ ਜਾਈਦਾ ਹੈ। ਇਛਾਵਾਂ ਦਾ ਚਕਰ ਕਦੀ ਮੁਕਦਾ ਨਹੀਂ। ਦਾਤੇ ਦੇ ਦਰ ਤੇ ਹਰ ਸਿਜਦਾ ਕਿਸੇ ਇਛਾ ਲਈ ਹੀ ਹੁੰਦਾ ਹੈ। ਕੋਈ ਵੀ ਸਿਜਦਾ ਸਿਰਫ ਸ਼ਰਧਾ ਜਾਂ ਪਿਆਰ ਨਾਲ ਹੀ ਹੁੰਦਾ ਹੈ। ਕਦੀ ਅਸੀਂ ਸਤ ਸੰਤੋਖ ਦਇਆ ਧਰਮ ਲਈ ਅਰਦਾਸ ਨਹੀਂ ਕੀਤੀ। ਕਦੇ ਮਤ ਤੇ ਪਤ ਦੇ ਰਾਖੇ ਸਤਿਗੁਰੂ ਅਗੇ ਇਹ ਕਹਿ ਕੇ ਅਰਦਾਸ ਨਹੀਂ ਕੀਤੀ ਕਿ :— ਕਰ ਕਿਰਪਾ ਵਸਹੁ ਮੇਰੈ ਹਿਰਦੈ ਹੋਇ ਸਹਾਈ ਆਪਿ ॥

ਜਦੋਂ ਉਹ ਹਿਰਦੈ ਵਿਚ ਵਸੇ ਤਾਂ ਸਤ ਸੰਤੋਖ ਸਾਡੇ ਅੰਦਰ ਸਮਾ ਜਾਣਗੇ। ਉਸਦਾ ਨਾਮ ਹਿਰਦੇ ਵਿਚ ਵਸਿਆ ਨਹੀਂ ਕਿ ਉਸਦੀਆਂ ਮਿਹਰਾਂ ਦਾ ਮੀਂਹ ਵਰਸ ਜਾਏਗਾ ਤੇ ਜਦੋਂ ਉਸਦੀ ਮਿਹਰ ਹੋ ਗਈ ਤੇ ਮਨ ਇਹੀ ਕਹੇਗਾ।

"ਨਾਨਕ ਨਾਮ ਚੜਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ ॥

ਤੇ ਸਰਬਤ ਦਾ ਭਲਾ ਮੰਗਣ ਵਾਲੇ ਨੂੰ ਸਭ ਕੁਝ ਮਿਲ ਜਾਂਦਾ ਹੈ। ਉਸ ਦੇ ਮਨ ਨੂੰ ਸ਼ਾਂਤੀ ਸੰਤੋਖ ਤੇ ਤ੍ਰਿਪਤੀ ਆ ਜਾਂਦੀ ਹੈ ਤੇ ਸਭ ਕੁਝ ਉਸੇ ਵਿਚ ਆ ਜਾਂਦਾ ਹੈ।

"ਜੀਅ ਕੀ ਬਿਰਥਾ ਹੋਇ, ਸੋ ਗੁਰ ਪਹਿ ਅਰਦਾਸਿ ਕਰਿ"

ਛੋਡਿ ਸਿਆਣਪ, ਸਗਲ, ਮਨੁ ਤਨੁ ਅਰਪਿ ਧਰਿ ॥

ਬਬਲੀ ਐਸ. ਸੋਹਣ ਸਿੰਘ

# ਗੁਰੂ ਨਾਨਕ ਪ੍ਰਕਾਸ਼ ਉਤਸਵ

## ਚੰਡੀਗੜ੍ਹ ਦੇ ਰਾਮ ਕ੍ਰਿਸ਼ਨਾ ਮਿਸ਼ਨ ਹਾਲ ਵਿਚ ਮਨਾਇਆ ਗਿਆ

10 ਨਵੰਬਰ ਪੂਰਨਮਾਸ਼ੀ ਦਾ ਦਿਨ ਸ਼ਾਮ 5-30 ਵਜੇ ਰਾਮਾਕ੍ਰਿਸ਼ਨਾ ਮਿਸ਼ਨ ਹਾਲ ਵਿੱਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ ਉਤਸਵ ਮਨਾਇਆ ਗਿਆ। ਇਸ ਵਿੱਚ ਗੁਰਮਤਿ ਕੀਰਤਨ ਕਲਾਸ ਗੁਰਦਵਾਰਾ ਸਾਚਾ ਧੰਨ ਸਾਹਿਬ ਫੇਜ਼ 3-ਬੀ-1 ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਬੱਚਿਆਂ ਦੀ ਮਧੁਰ ਅਵਾਜ਼ ਵਿਚ ਗਾਇਨ ਕੀਤੇ ਗਏ ਸ਼ਬਦ ਬੈਕੁੰਠ ਦਾ ਨਜ਼ਾਰਾ ਪ੍ਰਤੱਖ ਦਿਖਾ ਰਹੀਆਂ ਸਨ। ਉਹਨਾਂ ਦੀ ਅਵਾਜ਼ ਦੀ ਗੂੰਜ ਵਿਚੋਂ ਭਾਈ ਮਰਦਾਨੇ ਦੀ ਰਬਾਬ ਵੱਜਦੀ ਹੋਈ ਪ੍ਰਤੀਤ ਹੁੰਦੀ ਸੀ। ਡਾ. ਬਲਬੀਰ ਸਿੰਘ ਦਿਲ ਪਹਿਲਾਂ ਸ਼ਬਦਾਂ ਦੀ ਵਿਆਖਿਆ ਅਤੇ ਫਿਰ ਬੱਚਿਆਂ ਵਲੋਂ ਚਾਰ ਸ਼ਬਦ ਗਾਇਨ ਕੀਤੇ ਗਏ। ਪਹਿਲਾ ਸ਼ਬਦ ਰਾਗ ਬਹਾਰ ਵਿਚ 'ਮਿਟਿਆ ਅੰਧੇਰਾ ਚੰਦ ਚੜ੍ਹਿਆ' ਫਿਰ ਸ੍ਰੀਰਾਗ ਦੇ ਦੋ ਸ਼ਬਦ 'ਹਰਿ ਬਿਨ ਜੀਉ ਜਲਿ ਬਲਿ ਜਾਉ' ਅਤੇ 'ਤੂੰ ਦਰੀਆਓ ਦਾਨਾ ਬੀਨਾ' ਵਿੱਚ ਮਨੁੱਖੀ ਆਤਮਾ ਦਰਸ਼ਨਾਂ ਵਾਸਤੇ ਤਰਲੇ ਪਾਉਂਦੀ ਹੋਈ ਪ੍ਰਤੀਤ ਹੋ ਰਹੀ ਸੀ ਅਤੇ ਚੌਥੇ ਸ਼ਬਦ 'ਪੁਛਨਿ ਗਲ ਈਮਾਨ ਦੀ' ਵਿਚ ਜੋ ਰਾਗ ਭੈਰਵੀ ਵਿਚ ਸੀ, 'ਸਭੇ ਸਾਂਝੀਵਾਲ ਸਦਾਇਨ' ਦਾ ਉਪਦੇਸ਼ ਦ੍ਰਿੜਾ ਰਹੀਆ ਸਨ। ਕੀਰਤਨ ਵਿਚ ਜੁੜੀਆਂ ਸੰਗਤਾਂ ਦਾ ਦਿਲ ਟੂੰਬਣ ਵਿਚ ਇਹ ਬੱਚੇ ਬਹੁਤ ਹਦ ਤੱਕ ਸਫਲ ਰਹੇ ਅਤੇ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਅਗੋਂ ਤੋਂ ਇਹਨਾਂ ਨੂੰ ਹੋਰ ਵੀ ਚੜ੍ਹਦੀ ਕਲਾ ਬਖਸ਼ੇ ਤਾਂ ਜੋ ਇਹ ਸੰਗਤਾਂ ਦੀ ਇਸੇ ਪ੍ਰਕਾਰ ਨਿਸ਼ਕਾਮ ਸੇਵਾ ਕਰਦੇ ਰਹਿਣ।

o—o—o—o

# ਗੁਰੂ ਕੇ ਕੀਰਤਨੀਆਂ ਪ੍ਰਤੀ ਕੁਝ ਸਨਿਮਰ ਬੇਨਤੀਆਂ

ਗੁਰੂ ਕੇ ਕੀਰਤਨੀਆਂ ਨੂੰ ਗੁਰੂ ਘਰ ਵਿੱਚ ਬਹੁਤ ਮਹਾਨ ਅਤੇ ਸਨਮਾਨ ਯੋਗ ਥਾਂ ਪ੍ਰਾਪਤ ਹੈ। ਪਰ ਅਜਕਲ ਬਹੁਤ ਸਾਰੇ ਕੀਰਤਨੀਆਂ ਦਾ ਝੁਕਾਅ ਗੁਰੂ ਆਸ਼ੇ ਤੋਂ ਹਟ ਕੇ ਮਾਇਆ ਅਤੇ ਹੋਰ ਰੁਚੀਆਂ ਵਲ ਵਧੇਰੇ ਹੋ ਰਿਹਾ ਹੈ। ਮੈਂ ਆਪਣੀ ਤੁੱਛ ਬੁੱਧੀ ਅਨੁਸਾਰ ਕੁਝ ਸੁਝਾਅ ਰੂਪੀ ਬੇਨਤੀਆਂ ਕਰਨਾ ਚਾਹੁੰਦਾ ਹਾਂ ਆਸ ਹੈ ਕਿ ਰਾਗੀ ਸਿੰਘ ਇਨ੍ਹਾਂ ਨੂੰ ਖੁੱਲੇ ਦਿਲ ਨਾਲ ਵਿਚਾਰ ਕੇ ਖਿੜੇ ਮੱਥੇ ਪ੍ਰਵਾਨ ਕਰਨਗੇ।

1. ਸ੍ਰੀ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰੂ ਜਸ ਕੀਰਤਨ ਪੂਰੇ ਅਦਬ ਅਤੇ ਭੈ ਭਾਵਨੀ ਨਾਲ ਗੁਰੂ ਨੂੰ ਹਾਜ਼ਰ ਨਾਜ਼ਰ ਸਮਝ ਕੇ ਕਰਨਾ ਚਾਹੀਦਾ ਹੈ ਅਤੇ ਇਹ ਸਮਝਣਾ ਚਾਹੀਦਾ ਹੈ ਕਿ ਕੀਰਤਨ ਅਸੀਂ ਗੁਰੂ ਨੂੰ ਸੁਣਾ ਰਹੇ ਹਾਂ।

2, ਗੁਰੂ ਦਾ ਕੀਰਤਨ ਘਰ ਘਰ ਪਹੁੰਚਾਣ ਲਈ ਕੀਰਤਨ ਦੀ ਭੇਟਾ ਘੱਟ ਤੋਂ ਘੱਟ ਲੈਣੀ ਚਾਹੀਦੀ ਹੈ ਜਿਹੜੀ ਕਿਸੇ ਆਮ ਬੰਦੇ ਜਾਂ ਸੰਸਥਾ ਦੀ ਪਹੁੰਚ ਤੋਂ ਬਾਹਰ ਨ ਹੋਵੇ, ਇਹ ਨਹੀਂ ਸਮਝਣਾ ਚਾਹੀਦਾ ਕਿ ਮੂੰਹ ਮੰਗੀ ਮਾਇਆ ਲੈਣ ਤੋਂ ਬਗੈਰ ਗੁਜ਼ਾਰਾ ਕਿਵੇਂ ਹੋਵੇਗਾ। ਗੁਰੂ ਘਰ ਦੇ ਤਾਂ ਕੂਕਰ ਵੀ ਕਦੇ ਭੁੱਖੇ ਨਹੀਂ ਮਰਦੇ।

3. ਕਦੇ ਕਦੇ ਕੀਰਤਨ ਦੀ ਮੁਫਤ ਸੇਵਾ ਕਰਕੇ ਉਸਦਾ ਵੀ ਅਨੰਦ ਲੈ ਕੇ ਵੇਖੋ। ਤੁਸੀਂ ਇਸ ਸੁਰੀਲੀ ਆਵਾਜ਼ ਦਾ ਕਈ ਮੁਲ ਨਹੀਂ ਤਾਰਿਆਂ। ਯਾਦ ਰਹੇ ਕਿ 'ਇਹ ਤਉ ਵਸਤ ਗੋਪਾਲ ਕੀ . . ।' ਨਾ ਹੀ ਗੁਰੂ ਕੀ ਬਾਣੀ ਜੋ ਅਸੀਂ ਗਾਉਂਦੇ ਹਾਂ, ਕੋਈ ਮੁਲ ਤਾਰ ਕੇ ਪ੍ਰਾਪਤ ਕੀਤੀ ਹੈ। ਇਸ ਲਈ ਗੁਰੂ ਦੀ ਕ੍ਰਿਪਾ ਦੇ ਪਾਤਰ ਬਨਣ ਲਈ ਸ਼ੁਕਰਾਨੇ ਵਜੋਂ ਇਸ ਤਰ੍ਹਾਂ ਕਰਨਾਂ ਜ਼ਰੂਰੀ ਹੈ।

4. ਕੀਰਤਨ ਕਰਦੇ ਸਮੇਂ ਗੁਰਬਾਣੀ ਦੇ ਸ਼ੁਧ ਉਚਾਰਣ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ।

5. ਲਗਦੇ ਵੱਸ ਕੀਰਤਨ, ਸ੍ਰੀ ਗੁਰੂ ਗਰੰਥ ਸਾਹਿਬ ਦੇ ਆਸ਼ੇ ਅਨੁਸਾਰ, ਨਿਰਧਾਰਿਤ ਰਾਗਾਂ ਵਿਚ ਕਰਨਾ ਚਾਹੀਦਾ ਹੈ ਪਰ ਪ੍ਰਸੰਨਤਾ ਸ਼ਬਦ ਦੀ ਹੋਵੇ ਅਤੇ ਬੰਦਸ਼ ਇਸ ਤਰ੍ਹਾਂ ਦੀ ਹੋਵੇ ਕਿ ਆਮ ਸੰਗਤਾਂ ਨੂੰ ਸ਼ਬਦ ਦੇ ਅਰਥ ਵੀ ਸਮਝ ਆਉਣ ਤਾਂ ਕਿ ਉਹ ਪੂਰਾ ਪੂਰਾ ਅਨੰਦ ਲੈ ਸਕਣ।

6. ਸ਼ਬਦ ਦੇ ਅੰਤਰੀਵ ਭਾਵ ਨੂੰ ਸਪਸ਼ਟ ਕਰਨ ਲਈ ਹਮੇਸ਼ਾ 'ਰਹਾਓ' ਦੀ ਤੁਕ ਹੀ 'ਅਸਥਾਈ' ਬਨਾਉਣੀ ਚਾਹੀਦੀ ਹੈ (ਜਿਸ ਸ਼ਬਦ ਵਿਚ ਰਹਾਓ ਲਗਾ ਹੋਵੇ)

6. ਗਾਏ ਜਾਣ ਵਾਲੇ ਸ਼ਬਦ ਦੇ ਅਰਥ ਆਪ ਨੂੰ ਖੁਦ ਵੀ ਸਪਸ਼ਟ ਹੋਣੇ ਚਾਹੀਦੇ ਹਨ ਤਾਂ ਹੀ ਕੀਰਤਨ ਕਰਨ ਅਤੇ ਸੁਨਣ ਵਾਲੇ ਨੂੰ ਪੂਰਾ ਰਸ ਆ ਸਕਦਾ ਹੈ।

8. ਆਪਣੇ ਨਾਵਾਂ ਨਾਲ ਪ੍ਰੋਫੈਸਰ, ਪ੍ਰਿੰਸੀਪਲ ਵਗੈਰਾ ਲਗਾਉਣ ਤੋਂ ਸੰਕੋਚ ਕਰਨਾ ਚਾਹੀਦਾ ਹੈ ਇਸ ਨਾਲ ਹਉਮੈਂ ਦਾ ਪ੍ਰਗਟਾਵਾ ਹੁੰਦਾ ਹੈ।.

9. ਹਉਮੈਂ ਬਹੁਤ ਸਾਰੇ ਸੂਖ਼ਮ ਰੂਪਾਂ ਵਿੱਚ ਹਰ ਇਨਸਾਨ ਦੇ ਅੰਦਰ ਰਹਿੰਦੀ ਹੈ। ਇਸ ਦੀਰਘ ਰੋਗ ਦਾ ਸੌਖਾ ਅਤੇ ਵਧੀਆ ਇਲਾਜ ਹੈ ਗੁਰੂ ਕੀਆਂ ਸੰਗਤਾਂ ਦੀ ਸੇਵਾ ਜਿਵੇਂ ਪੱਖਾ ਝਲਣਾ, ਜੋੜੇ ਅਤੇ ਬਰਤਨ ਸਾਫ਼ ਕਰਨੇ ਆਦਿ, ਜੋ ਕਿ ਹਰ ਇਨਸਾਨ ਨੂੰ ਕਰਨੀ ਜ਼ਰੂਰੀ ਹੈ।

10. ਇਹ ਆਮ ਧਾਰਣਾ ਹੈ ਕਿ ਰਾਗੀ ਸਿੰਘ ਕੇਵਲ ਸਾਜ਼ਾਂ ਨਾਲ ਹੀ ਸੁਰ ਹੁੰਦੇ ਹਨ ਜਾਂ ਫਿਰ ਮਾਇਆ ਨਾਲ ਸੁਰ ਹੁੰਦੇ ਹਨ, ਗੁਰਬਾਣੀ ਨਾਲ ਸੁਰ ਨਹੀਂ ਹੁੰਦੇ। ਲੋੜ ਹੈ ਗੁਰਬਾਣੀ ਨਾਲ ਇਕ ਸੁਰ ਹੋਣ ਦੀ। 'ਜੁੜਿਆ ਹੋਇਆ ਮਨੁੱਖ ਹੀ ਦੂਜਿਆਂ ਨੂੰ ਜੋੜ ਸਕਦਾ ਹੈ। ਜੇ ਕੀਰਤਨ ਵਿਚੋਂ ਕਿਸੇ ਨੂੰ ਆਤਮਕ ਅਨੰਦ ਦੀ ਪ੍ਰਾਪਤੀ ਨਾ ਹੋਵੇ ਤਾਂ ਉਹ ਤਾਂ ਕੀਰਤਨ ਕੇਵਲ ਕੰਨ-ਰਸ ਤੋਂ ਵਧ ਹੋਰ ਨਹੀਂ ਹੁੰਦਾ।

11. ਜੋ ਰਾਗੀ/ਪ੍ਰਚਾਰਕ ਨਸ਼ਿਆਂ ਦਾ ਸੇਵਨ ਕਰਕੇ ਹਾਜ਼ਰ-ਨਾਜ਼ਰ ਸਤਿਗੁਰੂ ਦੀ ਹਜ਼ੂਰੀ ਵਿੱਚ ਬੈਠ ਕੇ ਕੀਰਤਨ ਵਖਿਆਨ ਕਰਦੇ ਹਨ ਉਹ ਘੋਰ ਪਾਪਾਂ ਦੇ ਭਾਗੀ ਬਣਦੇ ਸਨ।

ਜੋ ਗੁਰੂ ਕੇ ਕੀਰਤਨੀਏਂ ਉਪਰੋਕਤ ਨੁਕਤਿਆਂ ਦਾ ਪਹਿਲਾਂ ਹੀ ਧਿਆਨ ਰਖਕੇ ਅਦਬ ਭੈ ਵਿੱਚ ਰਹਿੰਦੇ ਹੋਏ ਕੀਰਤਨ ਕਰਦੇ ਹਨ, ਧੰਨ ਭਾਗ।

ਇਨਾਂ ਨੁਕਤਿਆਂ ਵਿਚੋਂ ਬਹੁਤ ਸਾਰੇ ਆਮ ਸਿੱਖ ਸੰਗਤਾਂ, ਗਰੰਥੀਆਂ ਅਤੇ ਪਾਠੀਆਂ ਲਈ ਵੀ ਅਮਲ ਕਰਨ ਹਿਤ ਜ਼ਰੂਰੀ ਹਨ ਕਿਉਂਕਿ ਕੌਮਾਂ ਦਾ ਭਵਿੱਖ ਉਸ ਦੇ ਪ੍ਰਚਾਰਕਾਂ ਤੇ ਹੀ ਨਿਰਭਰ ਹੁੰਦਾ ਹੈ।

ਭੁੱਲਾਂ ਦੀ ਖਿਮਾਂ-ਯਾਚਨਾ ਕਰਦਾ ਹੋਇਆ

ਦਾਸਨਿ-ਦਾਸ
ਕਰਮ ਜੀਤ ਸਿੰਘ
1960, ਨਵਾਂ ਸ਼ਹਿਰ ਰੋਡ
ਬੰਗਾ (ਜਲੰਧਰ)

# ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼ ਸਮਰਪਿਤ ਇਕ ਸੰਸਥਾ

ਚੰਡੀਗੜ੍ਹ : ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਦਦੇਹਰ ਸਾਹਿਬ ਵਿਚ ਬਾਬਾ ਖੁਸ਼ਹਾਲ ਸਿੰਘ ਨਾਮ ਸਿਮਰਨ ਵਿਚ ਰੰਗੀ ਹੋਈ ਇਕ ਅਗਿਹੀ ਗੁਰਮੁਖ਼ ਹਸਤੀ ਹੋ ਗੁਜਰੀ ਹੈ ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਗੁਪਤ ਰਹਿ ਕੇ ਬਿਤਾਇਆ। ਇਸ ਮਹਾਨ ਹਸਤੀ ਦੇ ਰੋਮ ਰੋਮ ਵਿਚ ਗੁਰੂ ਗਰੰਥ ਸਾਹਿਬ ਦਾ ਸਤਿਕਾਰ ਪਿਆਰ ਤੇ ਸ਼ਰਧਾ ਸਮਾਈ ਹੋਈ ਸੀ ਜ਼ਿੰਦਗੀ ਦੇ ਅੰਤਲੇ ਵਰ੍ਹਿਆਂ ਵਿਚ ਉਨ੍ਹਾਂ ਨੇ ਆਪਣੇ ਅਤੀ ਪਿਆਰੇ ਸ਼ਰਧਾਲੂ ਭਾਈ ਭਗਵਾਨ ਸਿੰਘ ਹੁਰਾਂ ਨੂੰ ਗੁਰੂ ਗਰੰਥ ਸਾਹਿਬ ਦਾ ਪਵਿੱਤਰ ਸੰਦੇਸ਼ ਘਰ ਘਰ ਪਹੁੰਚਾਉਣ ਲਈ ਉਤਸ਼ਾਹ ਤੇ ਪ੍ਰੇਰਨਾ ਦਿਤੀ। ਮਗਰੋਂ ਦੇਸ਼ ਭਗਤ ਸੰਤ ਵਸਾਖਾ ਸਿੰਘ ਜੀ ਨੇ ਵੀ ਇਸ ਕਾਰਜ ਉਤੇ ਬਲ ਦਿਤਾ ਅਤੇ ਸਿੱਟੇ ਵਜੋਂ ਅੰਮ੍ਰਿਤ ਪ੍ਰਚਾਰ ਸੰਗਤ ਦੇ ਨਾਂ ਹੇਠਾਂ ਇਕ ਸੰਸਥਾ ਹੋਂਦ ਵਿਚ ਆਈ।

60-65 ਸਾਲ ਪਹਿਲਾਂ ਹੋਂਦ ਵਿਚ ਆਈ ਇਸ ਸੰਸਥਾ ਦਾ ਕਾਰਜ ਖੇਤਰ ਨਿਰੋਲ ਧਾਰਮਿਕ ਹੈ। ਇਸ ਸੰਸਥਾ ਦੇ ਬਾਨੀ ਅਤੇ ਪਹਿਲੇ ਜਥੇਦਾਰ ਸੰਤ ਭਗਵਾਨ ਸਿੰਘ ਪਿੰਡ ਮਲ੍ਹਾਂ ਨਿਵਾਸੀ ਸਨ। ਉਨ੍ਹਾਂ ਦੇ ਸਮੇਂ ਸੰਸਥਾ ਵਲੋਂ ਹਰ ਸਾਲ ਭਾਰਤ ਦੀਆਂ ਵੱਖ ਵੱਖ ਥਾਵਾਂ ਤੇ ਹੋਲਾ ਮਹੱਲਾ ਮਨਾਉਣਾ ਸ਼ੁਰੂ ਹੋਇਆ ਜਿਸ ਨਾਲ ਇਸ ਸੰਸਥਾ ਦਾ ਘੇਰਾ ਵਧਣ ਲੱਗਾ। ਉਨ੍ਹਾਂ ਪਿੱਛੋਂ ਡਾਕਟਰ ਇੰਦਰ ਸਿੰਘ ਜੀ ਨੇ ਇਸ ਸੰਸਥਾ ਦੀ ਅਗਵਾਈ ਸੰਭਾਲੀ ਅਤੇ ਗੁਰੂ ਸਹਿਬਾਨ ਦੇ ਉਪਦੇਸ਼ਾ ਦਾ ਪ੍ਰਚਾਰ ਜਾਰੀ ਰੱਖਿਆ। ਡਾਕਟਰ ਇੰਦਰ ਸਿੰਘ ਪਿੱਛੋਂ ਸੰਤ ਹਰਿਭਜਨ ਸਿੰਘ ਅੰਮ੍ਰਿਤ ਪ੍ਰਚਾਰ ਸੰਗਤ ਦੇ ਜਥੇਦਾਰ ਬਣੇ ਜਿਨ੍ਹਾਂ ਨੇ ਗੁਰੂ ਗਰੰਥ ਸਾਹਿਬ ਦੇ ਗੁਰਗੱਦੀ ਨਸ਼ੀਨੀ ਦਿਵਸ ਨੂੰ ਵੱਡੀ ਪੱਧਰ ਤੇ ਮਨਾਉਣ ਦੀ ਪ੍ਰੇਰਨਾ ਦਿਤੀ। ਇਸ ਪਾਕਿ ਗਰੰਥ ਦੇ ਅਗੰਮੀ ਸੰਗੀਤ ਦੀ ਸੁਗੰਧੀ ਫੈਲਾਉਣ ਲਈ ਪਿਛਲੇ 26-27 ਸਾਲਾਂ ਤੋਂ ਇਹ ਦਿਨ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।

ਸੰਤ ਹਰਿਭਜਨ ਸਿੰਘ ਇਸ ਧਰਤੀ ਦੇ ਅਨੁਭਵੀ ਇਨਸਾਨ ਸਨ। ਉਨ੍ਹਾਂ ਦਾ ਇਹ ਅਟੱਲ ਵਿਸਵਾਸ ਸੀ ਕਿ ਗੁਰੂ ਗਰੰਥ ਸਾਹਿਬ ਮਾਨਵਤਾ ਦੇ ਦਿਲ ਵਿਚ ਪਿਆਰ ਦੀ ਸ਼ਮ੍ਹਾ ਰੋਸ਼ਨ ਕਰਦਾ ਹੈ ਅਤੇ ਉਨ੍ਹਾਂ ਨੂੰ ਸਦਾ ਬਹਾਰ ਦਾ ਖੇੜਾ ਬਖਸ਼ਦਾ ਹੈ, ਅਸੀਂ ਪ੍ਰੇਰਨਾ ਦੇ ਇਸ ਪਵਿੱਤਰ ਸੋਮੇ ਕੋਲੋਂ ਕਦੇ ਵੀ ਹਕੀਕੀ ਪਿਆਸ ਲੈ ਕੇ ਨਹੀਂ ਗਏ। ਇਸ ਦੇ ਨੇੜੇ ਲਗਣ ਨਾਲ ਜ਼ਿੰਦਗੀ ਦੀਆਂ ਮੁਸ਼ਕਲਾਂ ਸਹਿਜ-ਸੁਖਾਵੀਆਂ ਪ੍ਰਤੀਤ ਹੋਣਗੀਆਂ।

ਪ੍ਰੋ. ਪੂਰਨ ਸਿੰਘ ਨੇ ਕਿੰਨਾ ਸੁਹਣਾ ਲਿਖਿਐ ਹੈ ਕਿ "ਉਨ੍ਹਾਂ ਨੂੰ ਦੱਸ ਦਿਓ ਕਿ ਹੁਣ ਜੰਗਲਾਂ ਵਿਚ ਜਾਣ ਦੀ ਲੋੜ ਨਹੀਂ ਕਿਉਂਕਿ ਗੁਰੂ ਨੇ ਤੁਹਾਨੂੰ ਹੀ ਜੰਗਲ ਦਾ ਰੂਪ ਦੇ ਦਿੱਤਾ ਹੈ", ਗੁਰੂ ਗਰੰਥ ਸਾਹਿਬ ਦੇ ਪਿਆਰ ਦਾ ਸਦਕਾ ਸਾਨੂੰ ਨਵਾਂ ਜਨਮ ਮਿਲਿਆ, ਉਸ ਨੇ ਸਾਨੂੰ 'ਜਾਤ, ਰੰਗ ਤੇ ਨਸਲ ਦੇ ਵਿਤਕਰੇ ਤੋਂ ਮੁਕਤ ਕਰ ਦਿੱਤਾ। ਉਸ ਨੇ ਸੂਰਜ, ਚੰਨ ਤੇ ਤਾਰਿਆਂ ਨਾਲ ਸਾਡੀ ਸਾਂਝ ਵਧਾਈ, ਉਸ ਨੇ ਸਾਨੂੰ ਕੁੱਲ ਜਗਤ ਨਾਲ ਜੋੜ ਦਿੱਤਾ ਅਤੇ ਜੋ ਬ੍ਰਹਿਮੰਡੇ ਸੋਈ ਪਿੰਡੇ ਦੱਸਿਆ।

ਸੰਤ ਹਰਿਭਜਨ ਸਿੰਘ ਦੇ ਅਕਾਲ ਚਲਾਣੇ ਪਿੱਛੋਂ ਗਿਆਨੀ ਸੂਰਜ਼ਪਾਲ ਸਿੰਘ ਇਸ ਸੰਸਥਾ ਦੇ ਜਥੇਦਾਰ ਹਨ। ਉਹ ਵੀ ਗੁਰੂ ਗਰੰਥ ਸਾਹਿਬ ਦੇ ਗੁਰਗੱਦੀ ਨਸ਼ੀਨੀ ਦਿਵਸ ਨੂੰ ਬਹੁਤ ਅਹਿਮੀਅਤ ਦਿੰਦੇ ਹਨ। ਉਨ੍ਹਾਂ ਦਾ ਵੀ ਵਿਸ਼ਵਾਸ ਹੈ ਕਿ ਮਰਦਾਨਗੀ ਦਾ ਭੇਦ ਗੁਰੂ ਗਰੰਥ ਸਾਹਿਬ ਪ੍ਰਤੀ ਵਿਗਸਿਆ ਪਿਆਰ ਹੈ ਅਤੇ ਇਹ ਪਿਆਰ ਗੁਰੂ ਬਾਣੀ ਦੇ ਨਿਰੰਤਰ ਪਾਠ ਅਤੇ ਗੁਰੂ ਦਾ ਨਾਮ ਜਪਣ ਵਿਚ ਹੈ। ਇਸ ਸਾਲ ਇਹ ਦਿਨ ਚੰਡੀਗੜ੍ਹ ਦ ਸੈਕਟਰ-34 ਗੁਰੂਦੁਆਰੇ ਵਿਚ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਭਾਈ ਦਿਲਬਾਗ ਸਿੰਘ, ਗੁਲਬਾਗ ਸਿੰਘ, ਭਾਈ ਅਮਰੀਕ ਸਿੰਘ ਜ਼ਖਮੀ ਤੇ ਭਾਈ ਦਇਆ ਸਿੰਘ ਦੇ ਕੀਰਤਨੀ ਜਥੇ ਗੁਰੂ ਦੀ ਬਾਣੀ ਦਾ ਗਾਇਨ ਕੀਤਾ। ਕਥਾ ਦਾਂ ਵੀ ਪ੍ਰਵਾਹ ਚਲਿਆ ਜਿਸ ਨਾਲ ਗੁਰੂ ਗਰੰਥ ਸਾਹਿਬ ਦਾ ਪੈਗਾਮ ਘਰ ਘਰ ਪੁੱਜੇਗਾ ਜਿਸ ਬਾਰੇ ਸੰਸਾਰ ਪ੍ਰਸਿੱਧ ਅਨੁਭਵੀ ਇਤਿਹਾਸਕਾਰ ਟਾਇਨਬੀ ਨੇ ਲਿਖਿਆ ਹੈ ਕਿ ਭਵਿੱਖ ਦੀਆਂ ਕੌਮਾਂ ਵਿਚ ਸੁਲਾਹ-ਸਫਾਈ ਲਈ ਗੁਰੂ ਗਰੰਥ ਸਾਹਿਬ ਵਿਸ਼ੇਸ਼ ਪੈਗਾਮ ਸਾਬਤ ਹੋਏਗਾ।

—0—0—0—

# ਕੈਸੱਟ ਸਮੀਖਿਆ

## ਹਮ ਚਾਕਰ ਗੋਬਿੰਦ ਕੇ

——0——0——

ਵਰਤਮਾਨ ਸਮੇਂ ਵਿਚ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਦਾ ਰਾਗੀ ਜੱਥਾ ਸੰਗਤਾ ਵਿਚ ਬੜਾ ਲੋਕਪ੍ਰਿਯ ਹੈ। ਉਨ੍ਹਾਂ ਦੀਆਂ ਕੈਸੱਟਾਂ ਦੀ ਵੀ ਬੜੀ ਭਾਰੀ ਮੰਗ ਹੈ ਅਤੇ ਹਰ ਮਹੀਨੇ ਉਨ੍ਹਾਂ ਦੇ ਕੀਰਤਨ ਦੀਆਂ ਇਕ ਯਾ ਦੋ ਕੈਸੱਟਾਂ ਕਿਸੇ ਰਿਕਾਰਡਿੰਗ ਕੰਪਨੀ ਵਲੋਂ ਰਿਲੀਜ਼ ਕੀਤੀਆਂ ਜਾ ਰਹੀਆਂ ਹਨ ਪਿਛਲੇ ਦਿਨੀਂ ਨਵੀਂ ਦਿੱਲੀ ਸਥਿਤ 'ਅੰਮ੍ਰਿਤ ਰਸ' ਰਿਕਾਰਡਿੰਗ ਕੰਪਨੀ ਵਲੋਂ ਭਾਈ ਸਾਹਿਬ ਦੇ ਜੱਥੇ ਦੀ ਨਵੀਂ ਕੈਸੱਟ 'ਹਮ ਚਾਕਰ ਗੋਬਿੰਦ ਕੇ' ਦੇ ਨਾਂ ਹੇਠ ਰਿਲੀਜ਼ ਕੀਤੀ ਗਈ ਹੈ। ਇਸ ਤੋਂ ਪਹਿਲਾਂ ਵੀ ਇਸੇ ਕੰਪਨੀ ਨੇ ਭਾਈ ਹਰਜਿੰਦਰ ਸਿੰਘ ਜੀ ਦੀਆਂ ਦੋ ਕੈਸੱਟ 'ਝੂਠ ਨਾ ਬੋਲ ਪਾਡੇ' ਅਤੇ 'ਵਾਹੁ ਵਾਹੁ ਬਾਣੀ ਨਿਰੰਕਾਰ ਹੈ' ਰਿਲੀਜ਼ ਕੀਤੀਆਂ ਹਨ।

ਹਥੱਲੀ ਕੈਸੱਟ ਵਿਚ ਭਾਈ ਸਾਹਿਬ ਨੇ ਕੁਲ ਚਾਰ ਸ਼ਬਦਾਂ ਦਾ ਗਾਇਨ ਕੀਤਾ ਹੈ। 'ਏ' ਦਿਸ਼ਾ' ਤੇ ਪਹਿਲਾ ਸ਼ਬਦ ਟਾਈਟਲ ਅਨੁਸਾਰ 'ਹਮ ਚਾਕਰ ਗੋਬਿੰਦ ਕੇ' ਠਾਕੁਰ ਮੇਰਾ ਭਾਰਾ' ਟੇਕ ਰੱਖ ਕੇ ਭਾਈ ਸਾਹਿਬ ਨੇ ਗਾਇਨ ਕੀਤਾ ਹੈ। ਇਹ ਸ਼ਬਦ ਰਾਗ ਆਸਾ ਵਿਚ ਗੁਰੂ ਅਰਜਨ ਸਾਹਿਬ ਨੇ ਉਚਾਰਨ ਕੀਤਾ ਹੈ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 399 ਉੱਤੇ ਦਰਜ ਹੈ। ਭਾਈ ਸਾਹਿਬ ਨੇ ਇਸ ਸ਼ਬਦ ਨੂੰ ਇਕ ਫਿਲਮੀ ਤਰਜ਼ ਤੇ ਗਾਇਆ ਹੈ। ਪਹਿਲੀ ਵਾਰ ਸੁਨਣ ਤੇ ਹੀ ਇਹ ਫਿਲਮੀ ਗੀਤ ਸ਼ਬਦ ਅਨੁਸਾਰ ਢੁਕਵੀਂ ਨਹੀਂ ਜਾਪਦੀ ਅਤੇ ਉਪਰੀ ਉਪਰੀ ਭਾਸਣ ਕਰਕੇ ਸ੍ਰੋਤੇ ਨੂੰ ਸ਼ਬਦ ਦਾ ਰਸ ਮਾਨਣ ਤੋਂ ਵੰਚਿਤ ਕਰਦੀ ਹੈ।

'ਏ' ਦਿਸ਼ਾ ਦਾ ਦੂਜਾ ਸ਼ਬਦ 'ਹਉ ਆਇਆ ਦੂਰਹੁ ਚਲਿ ਕੈ, ਮੈ ਤਕੀ ਤਉ ਸਰਣਾਈ ਜੀਉ' ਵੀ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰਨ ਕੀਤਾ ਹੋਇਆ ਹੈ ਅਤੇ ਰਾਗ ਸੂਹੀ ਵਿਚ ਪੰਨਾ 763 ਉੱਤੇ ਦਰਜ ਹੈ। ਕਹਿਰਵੇ ਤਾਲ ਵਿਚ ਨਿਬੱਧ ਇਸ ਸ਼ਬਦ ਰੀਤ ਆਮ ਸ੍ਰੋਤੇ ਦੇ ਦਿਲ ਨੂੰ ਭਾਉਣ ਵਾਲੀ ਹੈ ਅਤੇ ਕਿਉਂਕਿ ਅੱਜ-ਕੱਲ ਰਾਗੀ ਜੱਥੀਆਂ ਦੁਆਰਾ ਇਸ ਸ਼ਬਦ ਦਾ ਗਾਇਨ ਆਮ ਕੀਤਾ ਜਾਂਦਾ ਹੈ ਇਸ ਲਈ ਕੈਸੱਟ ਦੇ ਸ੍ਰੋਤੇ ਦੀ ਇੱਛਾ ਵਾਰ ਵਾਰ ਇਸ ਸ਼ਬਦ ਨੂੰ ਸਰਵਣ ਕਰਨ ਦੀ ਅਵਸ਼ ਕਰੇਗੀ।

'ਬੀ' ਦਿਸ਼ਾ ਦਾ ਪਹਿਲਾ ਸ਼ਬਦ ਵੀ ਪੰਜਵੇ ਪਾਤਸ਼ਾਹ ਨੇ ਰਾਗ ਸੂਹੀ ਵਿਚ ਉਚਾਰਿਆ ਹੈ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 737 ਉੱਤੇ ਅੰਕਿਤ ਹੈ। ਇਸ ਸ਼ਬਦ ਦੀ ਰਹਾਉ ਦੀ ਪੰਕਤੀ 'ਕਿਨ ਬਿਧਿ ਹੀਅਰੋ ਧੀਰੈ ਨਿਮਾਨੋ। ਮਿਲੁ ਸਾਜਨ ਹਉ ਤੁਝ ਕੁਰਬਾਨੋ,, ਹੈ। ਪਰੰਤੂ ਭਾਈ ਸਾਹਿਬ ਨੇ 'ਉਮਕਿਉ ਹੀਉ ਮਿਲਨ ਪ੍ਰਭ ਤਾਈ॥ ਖੋਜਤ ਚਰਿਉ ਦੇਖਉ ਪ੍ਰਿਅ ਜਾਈ,, ਦੀ ਟੇਕ ਰਖ ਕੇ ਇਸ ਸ਼ਬਦ ਦਾ ਗਾਇਨ ਕੀਤਾ ਹੈ। ਇਹ ਸ਼ਬਦ ਅੱਜ ਕੱਲ ਬਹੁਤ ਘੱਟ ਰਾਗੀ ਸਿੰਘਾਂ ਪਾਸੋਂ ਸੁਣਨ ਨੂੰ ਮਿਲਦਾ ਹੈ। ਭਾਈ ਸਾਹਿਬ ਨੇ ਇਸ ਸ਼ਬਦ ਦਾ ਗਾਇਨ ਕਹਿਰਵੇ ਤਾਲ ਵਿਚ ਬੜੇ ਹੀ ਸੁੰਦਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਹੈ। ਇਸ ਸ਼ਬਦ ਦੀ ਰੀਤ ਸਰਲ ਹੋਣ ਦੇ ਬਾਵਜੂਦ ਸ੍ਰੋਤੇ ਨੂੰ ਆਨੰਦਮਈ ਅਵਸਥਾ ਵਿਚ ਪਹੁੰਚਣ ਵਿਚ ਸਹਾਈ ਹੁੰਦੀ ਹੈ।

'ਬੀ' ਦਿਸ਼ਾ ਦਾ ਦੂਸਰਾ ਸ਼ਬਦ "ਬਿਸਮ ਭਈ ਮੈਂ ਬਹੁ ਬਿਧਿ ਸੁਨਤੇ, ਕਹਹੁ ਸੁਹਾਗਨਿ ਸਹੀਅਉ" ਜੈਤਸਰੀ ਮਹਲਾਂ 5 ਘਰੁ 3 ਦੁਪਦੇ ਅਧੀਨ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾਂ 700 ਤੇ ਅੰਕਿਤ ਹੈ। ਇਹ ਸ਼ਬਦ ਰਹਾਉ ਦੀ ਪੰਕਤੀ ਨਾਲ ਹੀ ਆਰੰਭ ਹੁੰਦਾ ਹੈ ਜਿਸ ਨੂੰ ਭਾਈ ਸਾਹਿਬ ਨੇ ਟੇਕ ਰੱਖ ਕੇ ਸ਼ਬਦ ਦਾ ਗਾਇਨ ਕੀਤਾ ਹੈ। ਇਹ ਸ਼ਬਦ ਵੀ ਅਪ੍ਰਚੱਲਿਤ ਹੈ ਕਿਉਂਕਿ ਅੱਜਕੱਲ ਬਹੁਤ ਘੱਟ ਰਾਗੀ ਸਿੰਘ ਇਹ ਸ਼ਬਦ ਪੜ੍ਹਦੇ ਹਨ। ਗਾਇਨ ਵਿਧੀ ਪੱਖੋਂ ਇਸ ਸ਼ਬਦ ਨੂੰ ਇਸ ਕੈਸੱਟ ਦਾ ਸ਼ਾਹਕਾਰ ਕਿਹਾ ਜਾ ਸਕਦਾ ਹੈ। ਭਾਈ ਸਾਹਿਬ ਦੁਆਰਾ ਅਤਿ ਸਹਿਜ ਠਹਿਰਾ ਅਤੇ ਗੰਭੀਰਤਾ ਨਾਲ ਗਾਏ ਗਏ ਇਸ ਸ਼ਬਦ ਨੂੰ ਸੁਣ ਕੇ ਨਾਂ ਕੇਵਲ ਪੁਰਾਤਨ ਰਾਗੀ ਜੱਥਿਆਂ ਦੀ ਯਾਦ ਤਾਜ਼ਾ ਹੁੰਦੀ ਹੈ ਬਲਕਿ ਇਸ ਤੱਥ ਦਾ ਪ੍ਰਭਾਵ ਵੀ ਪ੍ਰਤੱਖ ਪ੍ਰਤੀਤ ਹੁੰਦਾ ਹੈ ਕਿ ਭਾਈ ਸਾਹਿਬ ਆਧੁਨਿਕ ਰੀਤਾਂ ਦੇ ਨਾਲ ਨਾਲ ਪਰੰਪਰਾਗਤ ਕੀਰਤਨ ਸ਼ੈਲੀ ਪ੍ਰਤੀ ਵੀ ਕਾਫੀ ਹੱਦ ਤਕ ਸੁਚੇਤ ਹਨ।

ਪੂਰੀ ਕੈਸ਼ੱਟ ਵਿਚ ਹਰਮੋਨਿਅਮ ਦਾ ਪ੍ਰਯੋਗ ਅਤੇ ਤਬਲੇ ਦੀ ਸੰਗਤ ਵਿਸ਼ੇਸ਼ ਪ੍ਰਸੰਸਾ ਦਾ ਵਿਸ਼ਾ ਹੈ। ਬਾਕੀ ਕੈਸੱਟਾਂ ਵਾਂਗ ਇਸ ਕੈਸੱਟ ਵਿਚ ਵੀ ਭਾਈ ਸਾਹਿਬ ਦਾ ਗੁਰਬਾਣੀ ਨੂੰ ਸਪਸ਼ੱਟ ਉਚਾਰਨ ਕਰਨ ਦਾ ਗੁਣ ਸਪਸ਼ੱਟ ਝਲਕਦਾ ਹੈ। ਕੈਸੱਟ ਦੀ ਰਿਕਾਰਡਿੰਗ ਵਧੀਆ ਅਤੇ ਕਵਰ ਦਿਲਖਿਚਵਾਂ ਹੈ।

ਹਰਚਰਨ ਸਿੰਘ,
ਕਲਕੱਤਾ

# Sukhmanee Sukh Amrit Prabh Naamu

*Guru Arjan Sahib*

## SALOK

Bahu Saastr Bahu Simiritee
Pekhe Sarab Ddhaddholi
Poojas Nahee Hari Hare
Naanak Naam Amol

सलोक ॥

बहु सासत्र बहु सिम्रिती, पेखे सरब ढढोलि ॥
पूजसि नाही हरि हरे, नानक नाम आमोल ॥

Scriptures and writing have been seen searched, but Nanak avers that none have measured up to the priceless Name of God

3

## ASTTAPADEE

Jaap Taap Gi-aan Sabh Dhi-aan
Khatt Sastr Simriti Vakhi-aan
Jog Abhi-aas Karam Dharam Kiri-aa
Sagal Ti-aagi Ban Madhe Phiri-aa
Anik Prakaar Kee-e Bahu Jatnaa
Pun Daan Home Bahu Ratnaa
Sareeru Kattaa-I Homai Kari Raatee
Varat Nem Karai Bahu Bhaatee
Nahee Tuli Raam Naam Beechaar
Naanak Gurmukhi Naamu Japee-Ai ik Baar

असटपदी ॥

जाप ताप गिआन सभि धिआन, खट सासत्र सिम्रिति वखिआन ॥
जोग अभिआस करम धम किरिआ, सगल तिआगि बन मधे फिरिआ ॥

अनिक प्रकार कीए बहु जतना, पुंन दान होमे बहु रतना ॥
सरीरु कटाइ होमै करि राती, वरत नेम करै बहु भाती ॥
नही तुलि राम नाम बीचार, नानक गुरमुखि नामु जपीऐ इक बार ॥ १ ॥

Spells, penances, learning, meditations, reading of scriptures and observing of rituals, yoga and ceremonies, renouncing the world and becoming an ascetic and such like schemes, charities, fire rituals and sacrifices of others and self, fasting and vows of all kinds - none of these compare with meditation on the Divine Name all-be-it briefly but sincerely as advised by the Saints, says Nanak.

3.1

Nau Khandd Prithhmee Phirai Chiru Jee-Vai
Mahaa Udaasu Tapeesaru Theevai
Agani Maahi Homat Paraan
Kanik Asv Hai-Var Bhoomi Daan
Niolee Karam Karai Bahu Aasan
Jain Maarag Sanjam Ati Saadhan
Nimakh Nimak Kari Sareeru Kattaa-Vai
Tau Bhee Haumai Mailu Na Jaa-Vai
Hari Ke Naam Samsari Kachhu Naahi
Naanak Gurmukhi Naamu Japat Gati Paahi

नउ खंड प्रिथमी फिरै चिरु जीवै, महा उदासु तपीसरु थीवै ॥
अगनि माहि होमत पराण, कनिक अस्व हैवर भूमि दान ॥
निउली करम करै बहु आसन, जैन मारग संजम अति साधन ॥
निमख निमख करि सरीरु कटावै, तउ भी हउमै मैलु न जावै ॥
हरि के नाम समसरि कछु नाहि, नानक गुरमुखि नामु जपत गति पाहि ॥2॥

Wandering the world through the life time becoming a hermit, doing penance, self immolation, making gifts in cash and kind, performing yoga, purging the insides, self humiliation like Jains, having part of your body cut away, and none

of these equals worship of the Divine Name. Salvation is earned only by sincere devotion to the Divine Name, says Nanak.

(Khandd - continent; Niolee - yogic method of taking in and expelling water to clean out the intestines).

3.2

Man Kaamanaa Teerath Deh Chhu-ttai
Garabu Gumaanu Na Man Te Hu-ttai
Soch Karai Dinasu Aru Raati
Man Kee Mailu Na Tan Te Jaati
Isu Dehee Kau Bahu Saadhnaa Karai
Man Te Kab-HOO Na Bikhi-Aa Tta-rai
Jali Dhovai Bahu Deh Aneeti
Sudh Kahaa Ho-I Kaa-Chee Bheeti
Man Hari Ke Naam Kee Mahimaa Ooch
Naanak Naami Udhre Patit Bahu Mooch.

मन कामना तीरथ देह छुटै, गरबु गुमानु न मन ते हुटै ॥
सोच करै दिनसु अरु राति, मन की मैलु न तन ते जाति ॥
इसु देही कउ बहु साधना करै, मन ते कबहू न बिखिआ टरै ॥
जलि धोवै बहु देह अनीति, सुध कहा होइ काची भीति ॥
मन हरि के नाम की महिमा ऊच, नानक नामि ऊधरे पतित बहु मूच ॥3॥

Your fervent wish to actually die while on pilgrimage shall not free you from pride and arrogance. Self-flagellation and frequent washing of the body does not purify the soul, in fact it is like washing a mud wall. Your soul cannot be cleansed of greed.

O mortal! the glory of the Divine Name is the greatest, and Nanak say, with that Name many can be saved.

(Garabu=pride; Gumaan = arrogance; Bikhiaa=desire/greed/urge; Patit=fallen/wayward/sinner)

3.3

Bahutu Si aa-nnap Jam Kaa Bhau Bi-aa-pai
Anik Jatan Kari Trisan Naa Dhraa-Pai
Bhekh Anek Agani Nahee Bujhai
Kotti Upaav Dargah Nahee Sijahi
Chhoottasi Naahee Oobh Pa-i-aali
Mohi Bi Aapahi Maa-i-aa Jaali
Avar Kartooti Saglee Jamu Dda-nai
Govind Bhajan Bin Tilu Nahee Maa-nai
Hari Kaa Naamu Japat Dukhu Jaa-i
Naanak Bolai Sahaji Subhaa-I

बहुतु सिआणप जम का भउ बिआपै, अनिक जतन करि त्रिसन ना ध्रापै ।।
भेख अनेक अगनि नही बुझै, कोटि उपाव दरगह नही सिझै ।।
छूटसि नाही ऊभ पइआलि. मोहि बिआपहि माइआ जालि ।।
अवर करतूति सगली जमु डानै, गोविंद भजन बिनु तिलु नही मानै ।।
हरि का नामु जपत दुखु जाइ, नानक बोलै सहजि सुभाइ ।।4।।

Your wisdom, your schemes and clever plans will not help to overcome thirst for things material, will not quench the fires of desire nor gain you entry to the Divine Court, not free you from worldly entanglements not yet will you be released from sufferngs in death. Meditation on the Divine Name is the answer, just as Nanak recites the Name with deep conviction.

3.4

Cont........ ..

# ਰਾਗ ਬਸੰਤ

ਰਾਗ ਬਸੰਤ ਬੜਾ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। ਇਸ ਰਾਗ ਦਾ ਬਸੰਤ ਰੁੱਤ ਨਾਲ ਗਹਿਰਾ ਸੰਬੰਧ ਹੈ। ਇਸ ਲਈ ਇਸਨੂੰ 'ਮੌਸਮੀ ਰਾਗ' ਕਹਿੰਦੇ ਹਨ। ਅੱਜ ਕੱਲ ਬਸੰਤ ਥਾਟ ਮਾਰਵਾ ਅਤੇ ਥਾਟ ਪੂਰਵੀ ਦੇ ਅੰਤਰਗਤ ਹੀ ਗਾਇਆ ਜਾਂਦਾ ਹੈ ਪਰ ਮਧ ਕਾਲ ਤੋਂ ਵਰਤਮਾਨ ਤੱਕ ਇਸ ਰਾਗ ਦੇ ਸੰਬੰਧ ਵਿਚ ਕਈ ਮਤ ਪ੍ਰਚਾਰ ਵਿਚ ਰਹੇ ਹਨ ਇਕ ਮਤ ਨੇ ਇਸਨੂੰ ਥਾਟ ਮਾਰਵਾ ਦੇ ਅੰਤਰਗਤ ਰੱਖਿਆ ਪਰ ਦੂਜੇ ਨੇ ਥਾਟ ਮਾਰਵਾ ਤਾਂ ਮੰਨਿਆ ਪਰ ਪੰਚਮ ਵਰਜਿਤ ਕਰ ਦਿਤਾ। ਤੀਜੇ ਮਤ ਅਨੁਸਾਰ ਇਸਨੂੰ ਪੂਰਵੀ ਥਾਟ ਵਿਚ ਸ਼ਾਮਿਲ ਕਰਕੇ ਸਿਰਫ ਤੀਵਰ ਮਧਮ ਦੀ ਵਰਤੋਂ ਕੀਤੀ ਅਤੇ ਚੌਥੇ ਮਤ ਨੇ ਥਾਟ ਤਾਂ ਪੂਰਵੀ ਹੀ ਮੰਨਿਆ ਪਰ ਦੋਨੋਂ ਮਧਮਾਂ ਦਾ ਪ੍ਰਯੋਗ ਕੀਤਾ। ਇਕ ਹੋਰ ਮਤ ਅਨੁਸਾਰ ਕੋਮਲ ਗੰਧਾਰ ਨਾਲ ਥਾਟ ਤੋੜੀ ਦਾ ਰਾਗ ਮੰਨਿਆ ਹੈ ਜੋ ਅੱਜ ਕੱਲ ਬਿਲਕੁਲ ਵੀ ਪ੍ਰਚੱਲਤ ਨਹੀਂ ਹੈ।

ਰਾਗ ਬਸੰਤ ਨੂੰ ਪੂਰਵੀ ਥਾਟ ਦਾ ਰਾਗ ਮੰਨਿਆ ਜਾਂਦਾਂ ਹੈ। ਇਸ ਵਿਚ ਰਿਸ਼ਭ, ਧੈਵਤ ਕੋਮਲ, ਦੋਨੋਂ ਮਧਮ ਅਤੇ ਬਾਕੀ ਸਭ ਸਵਰ ਸ਼ੁੱਧ ਲਗਦੇ ਹਨ। ਇਸ ਦੇ ਆਰੋਹ ਵਿਚ ਰਿਸ਼ਬ ਅਤੇ ਪੰਚਮ ਸਵਰ ਨਹੀਂ ਲਗਦੇ ਅਤੇ ਅਵਰੋਹ ਵਿਚ ਵਕਰ ਢੰਗ ਨਾਲ ਸੱਤ ਸਵਰਾਂ ਦੀ ਵਰਤੋਂ ਹੁੰਦੀ ਹੈ। ਇਸ ਲਈ ਇਸ ਰਾਗ ਦੀ ਜਾਤੀ ਔੜਵ-ਵਕਰ-ਸੰਪੂਰਣ ਮੰਨੀ ਜਾਂਦੀ ਹੈ। ਇਸ ਰਾਗ ਦਾ ਵਾਦੀ ਸਵਰ ਸ਼ੜਜ (ਤਾਰ) ਅਤੇ ਸੰਵਾਦੀ ਪੰਚਮ ਹੈ। ਇਹ ਰਾਗ ਉਤਰਾਂਗ ਪ੍ਰਧਾਨ ਸੰਧੀ ਪ੍ਰਚਾਸ਼ ਰਾਗ ਹੋਣ ਕਰਕੇ ਇਸ ਰਾਗ ਦਾ ਗਾਇਨ ਅਤੇ ਵਾਦਨ ਸਮਾਂ ਅੱਧੀ ਰਾਤ ਤੋਂ ਬਾਦ ਮੰਨਿਆ ਗਿਆ ਹੈ। ਪਰ ਬਸੰਤ-ਰੁੱਤ ਵਿਚ ਇਸ ਰਾਗ ਨੂੰ ਕਿਸੀ ਵੀ ਸਮੇਂ ਗਾਇਆ ਜਾਂ ਵਜਾਇਆ ਜਾਂਦਾ ਹੈ। ਇਸ ਰਾਗ ਦਾ ਵਿਸਥਾਰ ਮਧਯ ਸਪਤਕ ਤੋਂ ਤਾਰ ਸਪਤਕ ਵਿਚ ਹੁੰਦਾ ਹੈ। ਅਤੇ ਇਸ ਰਾਗ ਦੀ ਪ੍ਰਾਕ੍ਰਿਤੀ ਗੰਭੀਰ ਮੰਨੀ ਜਾਂਦੀ ਹੈ। ਇਸ ਰਾਗ ਦੇ ਨਿਆਸ ਸਵਰ ਗ, ਪ, ਸਂ ਹਨ ਅਤੇ ਮਿਲਦੇ ਜੁਲਦੇ ਰਾਗ ਪਰਜ, ਪੂਰਵੀ ਅਤੇ ਪੁਰੀਆ ਧਨਾਸਰੀ ਹਨ।

ਆਰੋਹ :— ਸ ਗ, ਮੇ ਧੁ, ਰੁੇਂ ਸਂ

ਅਵਰੋਹ :— ਸਂ, ਰੁੇਂ ਨੀ ਧੁ ਪ, ਮੇ ਗ, ਮੇ ਗ, ਰੁੇਂ ਸ

ਪਕੜ :— ਮੇ ਧੁ ਰੁੇਂ ਸਂ, ਨੀ ਧੁ ਪ, ਮੇ ਗ ਮੇ ਗ।

# ਸ਼ਬਦ

ਮਹਲਾ ੨

ਨਾਨਕ ਤਿਨਾ ਬਸੰਤ ਹੈ, ਜਿਨਿ ਘਰਿ ਵਸਿਆ ਕੰਤੁ ॥
ਜਿਨ ਕੇ ਕੰਤ ਦਿਸਾਪੁਰੀ, ਸੇ ਅਹਿਨਿਸਿ ਫਿਰਹਿ ਜਲੰਤ ॥੨॥੧੮॥

ਅਰਥ :— ਹੇ ਨਾਨਕ ! ਜਿਨ੍ਹਾਂ ਇਸਤਰੀਆਂ ਦਾ ਖਸਮ ਘਰ ਵਿਚ ਵਸਦਾ ਹੈ ਉਹਨਾਂ ਦੇ ਭਾ ਦੀ ਬਸੰਤ ਰੁੱਤ ਆਈ ਹੋਈ ਹੈ ਪਰ ਜਿਨਾਂ ਦੇ ਖਸਮ ਪਰਦੇਸ ਵਿਚ (ਗਏ ਹੋਏ) ਹਨ ਉਹ ਦਿਨ ਰਾਤ ਸੜਦੀਆਂ ਫਿਰਦੀਆਂ ਹਨ ।

ਤਿੰਨ ਤਾਲ ਮਧ ਲੈਅ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਸਥਾਈ :— | | | | | | | | ਸਂ | — | ਨੀ | ਧੁ | ਪ | ਮੇਪ | ਮੇ | ਗ |
| | | | | | | | | ਨਾ | S | ਨ | ਕ | ਤਿ | SS | ਨਾ | ਬ |
| ਮੇ | — | ਗ | ਮੇ | ਗ | ਰੇ | — | ਸ | ਸ | ਸ | ਨੀ | ਸ | ਗ | ਗ | ਮੇ | ਗ |
| ਸੰ | S | S | ਤ | ਹੈ | S | S | S | ਜਿ | S | ਨਿ | S | ਘ | S | ਰਿ | S |
| ਮੇ | ਨੀ | ਧ | ਮੇ | ਗ | ਰੇ | ਸ | ਸ | | | | | | | | |
| ਵ | ਸਿ | ਆ | S | ਕੰ | S | S | ਤ | | | | | | | | |
| ਅੰਤਰਾ :— | | | | | | | | ਮੇ | ਮੇ | ਗ | ਗ | ਮੇ | — | ਧੁ | ਮੇਧੁ |
| | | | | | | | | ਜਿ | S | ਨ | ਕੇ | ਕੰ | S | ਤ | ਦਿS |
| ਨੀ | — | ਸਂ | ਮੇਂ | ਗਂ | ਰੇਂ | ਸਂ | — | ਸਂ | ਨੀਧੁ | ਨੀ | ਧੁ | ਮੇ | ਧੁ | ਰੇਂ | ਸ |
| ਸਾ | S | S | ਪੁ | S | ਰੀ | S | S | ਸੇ | SS | S | S | ਅ | ਹਿ | ਨਿ | ਸ |
| ਸਂ | — | ਸਂ | ਰੇਂ | ਸਂ | ਨੀਧੁ | ਨੀ | ਮੇਧੁ | | | | | | | | |
| ਫਿ | S | ਰਹਿ | ਜ | ਲੰ | SS | S | Sਤ | | | | | | | | |
| X | | | | 2 | | | | 0 | | | | 3 | | | |

ਕਰਨਬੀਰ ਕੌਰ
ਸਰਕਾਰੀ ਆਦਰਸ਼ ਸੀਨੀ. ਸੈਕੰ. ਸਕੂਲ
ਭਾਗੂ, ਵਾਇਆ ਲੰਬੀ
ਜ਼ਿਲਾ ਫ਼ਰੀਦਕੋਟ-152113